ਮਾਸਕ ਪੱਤਰ

ੴ

# ਸੂਰਾ

ਅੰਮ੍ਰਿਤਸਰ



੧੦੯ਵੀਂ
ਜਨਮ
ਸ਼ਤਾਬਦੀ
ਨਾਰੰਗਵਾਲ
ਵਿਖੇ
3 ਤੋਂ 6
ਜੁਲਾਈ

*

JULY
1986

ਭਾਈ
ਸਾਹਿਬ
ਭਾਈ
ਰਣਧੀਰ
ਸਿੰਘ
ਜੀ

*

ਜੁਲਾਈ
੧੯੮੬

www.AKJ.Org

# ਤਤਕਰਾ


| | | |
|---|---|---|
| ਤਤਸਾਰ ਬਿਬੇਕ—ਸਿਫਤਿ ਸਾਲਾਹ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗਜਾਉਣ ਜੋਗ ਜੈਕਾਰਾ | ੪ | ,, ,, ,, |
| ਦਸਮ ਪਾਤਸ਼ਾਹ ਦੀ, ਖੰਡੇ ਦੀ ਫ਼ਿਲਾਸਫ਼ੀ | ੮ | ,, ,, ,, |
| ਨਾਨਕ ਨਿਰੰਕਾਰੀ ਦੀ ਤਿਬਤ, ਚੀਨ, ਸਿਕਮ ਆਦਿ ਦੀ ਯਾਤਰਾ | ੯ | ਸ: ਬਲਬੀਰ ਸਿੰਘ ਜੀ |
| ਪੰਜਾਬ ਬਚਾਉਣਾ ਹੈ ਤਾਂ ਪੰਜਾਬੀ ਬਣੋ | ੧੩ | ਸ: ਹਰਬੀਰ ਸਿੰਘ ਜੀ ਭੰਵਰ |
| ਕਾਂਗ੍ਰਸ ਅਤੇ ਨੇਤਾਵਾਂ ਵਲੋਂ ਸਿਖਾਂ ਨਾਲ ਵਾਹਿਦੇ | ੧੬ | ਸ: ਨਰੈਣ ਸਿੰਘ ਜੀ ਐਮ. ਏ. |
| ਗੁਰਮਤਿ ਰਹਿਤ ਰਹਿਣੀ (੨) | ੧੮ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਰੂਹਾਨੀਅਤ ਵਾਲੀ ਖਾਲਸਾ ਕੌਮੀਅਤ | ੨੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਪੂਜਾ ਦਾ ਧਾਨ | ੨੪ | ਸ: ਤੇਗ ਬਹਾਦਰ ਸਿੰਘ ਜੀ |
| ਅੱਖੀਂ ਡਿੱਠੇ ਭਾਈ ਸਾਹਿਬ | ੨੬ | ਪ੍ਰਿੰਸੀਪਲ ਧਰਮਾਨੰਤ ਸਿੰਘ ਜੀ |
| ਗੁਰਧਾਮਾਂ ਦੀ ਪਵਿਤ੍ਰਤਾ ਦੀ ਰਾਖੀ ਲਈ ਕਦਮ | ੨੯ | ਪ੍ਰਿੰਸੀਪਲ ਭਗਵੰਤ ਸਿੰਘ ਜੀ |
| ਸਿਖ ਸੂਰਬੀਰਤਾ ਤੇ ਆਚਰਨ ਦੀ ਗਾਥਾ | ੩੦ | ਸ: ਪਿਆਰਾ ਸਿੰਘ ਜੀ ਦਾਤਾ |
| ਪੁਲਸ ਕਾਰਵਾਈ | ੩੨ | ਪ੍ਰੋਫੈਸਰ ਇੰਦਰਜੀਤ ਸਿੰਘ ਜੀ |
| ਮੇਰਾ ਧਰਮ (ਕਵਿਤਾ) | ੩੪ | ਸ:ਲਾਲ ਸਿੰਘ ਜੀ ਐਮ. ਐਸ-ਸੀ. |
| ਗੁਰਸਿਖ ਮੀਤ ਚਲਹੁ ਗੁਰ ਚਾਲੀ | ੩੫ | 'ਸੂਰਾ' ਪਰਵਾਰ |
| ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੩੯ | ... ... ... |


ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਅਵਤਾਰ ੩੦ ਜੁਲਾਈ

ਨੋਟ :—(੧) ਕੈਪਟਿਨ ਸਵਰਨ ਸਿੰਘ ਜੀ ਦਾ ਲੇਖ ਇਸ ਮਹੀਨੇ ਵੀ ਨਹੀਂ ਆ ਰਿਹਾ, ਕਿਉਂਕਿ ਉਹ ਆਪਣੇ ਪਿਤਾ ਜੀ ਦੇ ਅਕਾਲ ਚਲਾਣਾ ਕਰ ਜਾਣ ਕਰਕੇ ਯੂ. ਪੀ. ਫ਼ਾਰਮ ਦਾ ਪਰਬੰਧ ਕਰਨ ਗਏ ਹੋਏ ਹਨ ।

(੨) ਅੰਮ੍ਰਿਤਸਰ ਵਿਚ ਕਰਫ਼ਿਊ ਹੋਣ ਕਰਕੇ ਪ੍ਰੈਸ ਤੇ ਸੂਰਾ ਦਫ਼ਤਰ ਦੋਵੇਂ ਬੰਦ ਰਹੇ ਹਨ, ਜਿਸ ਕਾਰਨ ਜੁਲਾਈ ਦਾ ਸੂਰਾ ਮਜਬੂਰਨ ਲੇਟ ਹੋ ਗਿਆ ਹੈ ।

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਅਵਤਾਰ ਸਿੰਘ ਚੀਮਾ | ਸੂਰਾ ਦੀ ਚੜ੍ਹਦੀ ਕਲਾ ਲਈ ... ... ... | ੨੫-੦੦ |
| ਬੀਬੀ ਦਯਾ ਕੌਰ ਜਮਸ਼ੇਦਪੁਰ | ਸ: ਸਵਰਨਦੀਪ ਸਿੰਘ ਸਪੁਤਰ ਸ: ਅਮੋਲਕ ਸਿਘ ਦੀ ਯਾਦ ਵਿਚ | ੧੦੦-੦੦ |
| ਕੈਪਟਨ ਮਨਜੀਤ ਸਿੰਘ ਜੋਧਪੁਰ | ਸੂਰਾ ਦੀ ਚੜ੍ਹਦੀ ਕਲਾ ਲਈ ... ... ... | ੨੫੦-੦੦ |
| ਸ: ਕਰਤਾਰ ਸਿੰਘ ਮੁਕਤਸਰ | ਭਾ: ਬੰਤਾ ਸਿੰਘ ਸਪੁਤਰ ਦੀ ਅੰਤਮ ਯਾਦ ਵਿਚ ... ... ... | ੧੦੦-੦੦ |
| ਗੁਪਤ ਦਾਨ ... ... ... | ਸੂਰਾ ਦੀ ਚੜ੍ਹਦੀ ਕਲਾ ਲਈ ... ... ... | ੨੦੦-੦੦ |
| ਮਾਈ ਭਗਵੰਤ ਕੌਰ ਜੰਮੂ ... ... ... | ,, ,, ,, | ੨੧-੦੦ |
| ਭਾ: ਮਾਨ ਸਿੰਘ ਅੰਮ੍ਰਿਤਸਰ | ਬਚੇ ਕੁਲਜੀਤ ਸਿੰਘ ਦੇ ਅਨੰਦ ਦੀ ਖੁਸ਼ੀ ਵਿਚ | ੫੦੦-੦੦ |
| ਭਾ: ਮੁਹਿੰਦਰ ਸਿੰਘ ਨਰਿੰਦਰ ਸਿੰਘ ਪਟਿਆਲਾ | ਸੂਰਾ ਦੀ ਚੜ੍ਹਦੀ ਕਲਾ ਲਈ ... ... ... | ੪੨੦-੦੦ |
| ਸ: ਮੋਹਨ ਸਿੰਘ ਸਹਿਗਲ ਬਰੇਲੀ | ਗ੍ਰਹਿ ਪ੍ਰਵੇਸ਼ ਦੀ ਖੁਸ਼ੀ ਵਿਚ ... ... ... | ੨੦-੦੦ |
| ਗੁਪਤ ਦਾਨ | ਸੂਰਾ ਦੀ ਚੜ੍ਹਦੀ ਕਲਾ ਲਈ ... ... ... | ੩੬-੫੦ |


ਲਾਕਟ ਪ੍ਰਿੰਟਰਜ਼ ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੮.੭.੮੬ ਨੂੰ ਪ੍ਰਕਾਸ਼ਤ ਕੀਤਾ ।

ਟੈਲੀਫ਼ੋਨ ਨੰਬਰ : ੫੧੯੪੭ ਘਰ ੪੩੦੯੪


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ੴ ਵਾਹਿਗੁਰੂ ਜੀ ਕੀ ਫ਼ਤਹਿ

ਮਾਸਕ ਪੱਤਰ

ਸ੍ਰੀ ਅੰਮ੍ਰਿਤਸਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |

**ਪਰਦੇਸ (ਸਾਰੇ ਦੇਸ) ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੪੦-੦੦ |
| ਹਵਾਈ ਡਾਕ | ੧੦੦-੦੦ |

**ਅਮਾਨਤੀ ਲਾਈਫ਼ ਮੈਂਬਰ**

| | |
|---|---|
| ਦੇਸ | ੧੫੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੦ ਜੁਲਾਈ ੧੯੯੬ ਅੰਕ ੭


## ਤਤਸਾਰ ਬਿਬੇਕ--ਸਿਫਤਿ ਸਾਲਾਹ

ਸਤਿਗੁਰੂ ਦੇ ਜਿਤਨੇ ਭੀ ਹੁਕਮ, ਅਰਥਾਤ, ਹੁਕਮਾਂ ਰੂਪੀ ਬਚਨ ਹਨ, ਉਹਨਾਂ ਹੁਕਮਾਂ ਦਾ ਸਿਰ ਹੁਕਮ, ਅਰਥਾਤ, ਹੁਕਮਨ ਸਿਰ ਹੁਕਮ (ਤਤਸਾਰ ਹੁਕਮੁ) ਇਕੋ ਹੁਕਮ ਹੈ, ਜੋ ਸਮੱਗਰ ਹੁਕਮਾਂ ਦਾ ਕੇਂਦਰ ਹੈ। ਜਿਸ ਦੇ ਦਵਾਲੇ (ਗਿਰਦਾ ਗਿਰਦ) ਸਾਰੇ ਹੁਕਮ ਆਕਰਖਣੀ ਤਾਣ ਅੰਦਰ ਘੁੰਮਦੇ ਹਨ, ਅਤੇ ਇਹੋ ਹੁਕਮ ਸਾਡੇ ਕਮਾਵਣ ਲਈ ਜਦੋਂ ਕਮਾਈ ਅੰਦਰ ਆਉਂਦਾ ਹੈ, 'ਸਿਰਿ ਕਰਮਨ ਕੈ ਕਰਮਾ' ਬਣ ਜਾਂਦਾ ਹੈ। ਇਹ 'ਹੁਕਮਨ ਸਿਰ ਹੁਕਮ' ਅਥਵਾ 'ਕਰਮਨ ਸਿਰ ਕਰਮਾ' ਕੀ ਹੈ ? ਇਕੋ ਨਾਮ ਹੈ, ਜਿਸ ਨੂੰ ਕਿ 'ਸਿਫਤਿ ਸਲਾਹਨ, ਹਰਿ ਸਿਮਰਨ, ਹਰਿ ਕੀਰਤਨ, ਹਰਿ ਜਸ ਨਾਵਾਂ ਨਾਲ ਗੁਰਮਤਿ (ਗੁਰਬਾਣੀ) ਅੰਦਰ ਸੰਕੇਤ ਕੀਤਾ ਗਿਆ ਹੈ। ਜਦੋਂ ਇਹ ਹੁਕਮ, ਅਥਵਾ, ਹੁਕਮ ਰੂਪੀ ਨਾਮੁ ਕਮਾਵਣ ਅੰਦਰ ਆਉਂਦਾ ਹੈ, ਅਥਵਾ ਕਮਾਇਆ ਜਾਣ ਕਰਕੇ 'ਸਿਰਿ ਕਰਮਨ ਕੈ ਕਰਮਾਂ' ਦੀ ਸੰਕੇਤਕ ਪਦਵੀ ਅੰਦਰ ਸੰਕੇਤਿਆ ਜਾਂਦਾ ਹੈ ਤਦੋਂ ਏਸੇ 'ਸਿਫਤਿ ਸਲਾਹ' ਰੂਪੀ 'ਸਿਰਿ ਕਰਮਨ ਕੈ ਕਰਮਾ' ਨੂੰ ਗੁਰਮਤਿ ਬਿਬੇਕ ਰੂਪੀ ਸਾਰ ਕਰਨੀ, ਅਰਥਾਤ, ਤਤਸਾਰ ਬਿਬੇਕ ਦੇ ਨਾਮ ਨਾਲ ਪ੍ਰਸੇਧਿਆ, ਪਰਮਾਨਿਆ ਅਤੇ ਸਨਮਾਨਿਆ ਜਾਂਦਾ ਹੈ।

[ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਬਿਬੇਕ' ਚੋਂ




www.AKJ.Org

# ਗਜਾਉਣ ਜੋਗ ਜੈਕਾਰਾ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਜਗਤ ਗੁਰੂ ਸ੍ਰੀ ਗੁਰੂ ਨਾਨਕ ਦਸਮੇਸ਼ ਜੀ ਸਾਰੇ ਜਗਤ ਦਾ ਉਧਾਰ ਕਰਨ ਆਏ। ਸਾਰੇ ਦੇਸ਼ਾਂਤਰਾਂ ਨੂੰ ਉਭਾਰਨ ਹਿਤ ਦਸਾਂ ਗੁਰੂ ਜੋਤਿ-ਜਾਮਿਆਂ ਵਿਚ ਅਵਤਾਰ ਧਾਰਿਆ। ਇਕ ਅਕਾਲ ਪੁਰਖ ਦਾ ਨਾਮ ਜਪਾਇਆ। ਇਕੋ ਅਕਾਲ ਦੀ ਉਪਾਸ਼ਨਾ ਦ੍ਰਿੜਾਈ ਵਿਚਾਰੀ। ਇਕੋ ਅਕਾਲ ਦੇ ਨਾਮ ਦੀ ਸੱਚੀ ਉਪਾਸ਼ਨਾ ਦਾ ਸੱਚਾ ਢੋਆ ਨਵਖੰਡ ਪ੍ਰਿਥਵੀ ਵਿਖੇ ਢੋਇ ਕੇ ਚਾਰ ਕੁੰਟ ਚੌਦਾਂ ਭਵਨਾਂ ਨੂੰ ਗੁਰੂ ਸਾਹਿਬ ਨੇ ਤਾਰਿਆ, ਉਭਾਰਿਆ, ਉਧਾਰਿਆ। ਇਸ ਡਿਸਕਵਰ (Discover) ਹੋ ਚੁਕੇ ਭਾਰਤ ਖੰਡ ਵਿਖੇ ਹੀ ਨਹੀਂ, ਬਲਕਿ ਅਨੇਕਾਂ ਅਤੇ ਅਣਗਿਣਤ ਗੁਪਤ ਪਰਗਟ ਦੀਪਾਂ, ਲੋਆਂ, ਖੰਡਾਂ, ਬ੍ਰਹਿਮੰਡਾਂ, ਅਣਦਿਸਦੇ ਮੰਡਲਾਂ ਮਈ ਸ੍ਰਿਸ਼ਟੀਆਂ ਵਿਖੇ ਆਪਣੇ ਸੱਚੇ ਮਿਸ਼ਨ ਦਾ ਡੰਕਾ ਬਜਾਇਆ, ਨਾਮ ਦਾ ਖੰਡਾ ਖੜਕਾਇਆ ਅਤੇ ਅਕਾਲ ਨੈਸਾਨੀ ਝੰਡਾ ਝੁਲਾਇਆ, ਇਕ ਅਕਾਲ ਦੇ ਨਾਮ ਦਾ ਹੀ ਜੈਕਾਰਾ ਗਜਾਇਆ। ਸਰਬ ਦੇਸਾਂ ਦੇ ਸਾਂਝੇ ਮਾਲਕ, ਸਭ ਮਾਲਕਾਂ ਦੇ ਸਾਂਝੇ ਪ੍ਰਤਿਪਾਲਕ, ਇਕ ਅਕਾਲ ਪੁਰਖ ਦਾ ਜੈ-ਜੈਕਾਰਾ ਗਜਾਇਆ।

ਇਸ ਜੈ-ਜੈਕਾਰੀ ਸਰਬੱਗ ਜੈਕਾਰੇ ਦੇ ਸਾਹਮਣੇ ਹੋਰ ਸਰਬੱਤਰ ਅਲਪੱਗ ਜੈਕਾਰੇ ਹੇਚ ਹਨ, ਸਭ ਮਾਨਵੀ ਕਿਰਤ ਦੇ ਫ਼ਿਰਕੂ ਜੈਕਾਰੇ ਹਨ।......ਫ਼ੀ ਜ਼ਮਾਨੀਏ ਮਹਾਤਮਾ ਗਾਂਧੀ ਜੀ ਕੀ ਜੈ ਵਾਲਾ ਜੈਕਾਰਾ ਅਤੇ ਇਸ ਪ੍ਰਕਾਰ ਦੇ ਹੋਰ ਮਹਾਤਮਾਵਾਂ ਦੇ ਜੈਕਾਰੇ, ਭਿੰਨ ਭਿੰਨ ਸਿਆਸੀ ਲੀਡਰਾਂ ਦੇ ਨਾਵਾਂ ਦੇ ਜੈਕਾਰੇ ਤਾਂ ਨਿਰੋਲ ਮੜ੍ਹਾ-ਪ੍ਰਸਤੀ ਵਾਲੇ ਨਿਹਾਇਤ ਹੀ ਅਲਪੱਗ ਫ਼ਿਰਕੂ ਜੈਕਾਰੇ ਹਨ। ਆਲਮਗੀਰ ਸਰਬੱਗਤਾ ਅਤੇ ਮਹੱਤਤਾ ਵਾਲੇ ਇਕ ਅਕਾਲ ਦੇ ਜੈਕਾਰੇ ਸਮਸਰ (ਤੁੱਲ) ਹੋਰ ਕੋਈ ਜੈਕਾਰਾ ਨਹੀਂ, ਸਭ ਅਹੰਗਤਾ-ਮਈ ਫ਼ਿਰਕੂ ਜੈਕਾਰੇ ਹਨ।

ਅਤਿਅੰਤ ਅਫ਼ਸੋਸ ਦੀ ਗੱਲ ਹੈ ਕਿ ਆਨ-ਮਤੀਆਂ ਦੇ ਦੇਖਾ ਦੇਖੀ ਅਤੇ ਰੀਸਾ ਰੀਸੀ ਇਸ ਪ੍ਰਕਾਰ ਦੇ ਫ਼ਿਰਕੂ ਜੈਕਾਰਿਆਂ ਵਾਲੀ ਬੀਮਾਰੀ ਸਾਡੇ ਗੁਰਮਤਿ ਅਵਲੰਬੀ ਖਾਲਸਾ ਪੰਥ ਦੇ ਲੀਡਰ-ਭੂਸ਼ਕੀ (ਲੀਡਰਾਂ ਵਾਂਗ ਸਜੇ ਫਬੇ ਹੋਏ) ਨਮਾਇੰਦਿਆਂ ਵਿਖੇ ਭੀ ਆ ਵੜੀ ਹੈ। ਪਹਿਲੀ ਬੀਮਾਰੀ ਤਾਂ ਲੋਥ-ਭੂਸ਼ਨੀ ਲੀਡਰਾਂ ਦੇ ਜਲੂਸ ਕੱਢਣ ਦੀ ਅਸਾਡੇ ਪੰਥ ਅਵਲੰਬੀਆਂ ਦੇ ਭਿੰਨ ਭਿੰਨ ਬਣ ਬੈਠੇ ਪਾਟੋ-ਧਾੜੀ ਗਰੁਪਾਂ ਵਿਚ ਆ ਪਈ ਸੀ, ਮਹਿਜ਼ ਅਨਮੱਤੀਆਂ ਦੀ ਕੁਚਾਲੇ ਚਲ ਕੇ। ਜਲੂਸ ਲੋਥਕੀ ਬੀਮਾਰੀ ਦੇ ਨਾਲੋ ਨਾਲ ਹੀ ਲੀਡਰ-ਭੂਸ਼ਕੀ ਜੈਕਾਰਿਆਂ ਦੀ ਇੱਲਤ ਭੀ ਆ ਚਿੰਮੜੀ। ਜਦੋਂ ਇਕ ਗਰੁਪ ਦੇ ਲੀਡਰ ਦੀ ਜਲੂਸ-ਜੈਕਾਰੀ-ਸਲਾਮੀ ਹੋਣ ਲੱਗੀ ਤਾਂ ਦੂਜੇ ਗਰੁਪ ਦੇ ਲੀਡਰਾਂ ਨੇ ਓਦੂੰ ਵਧ ਕੇ ਰੀਸ ਦੀ ਘੜੀਸ ਕੀਤੀ। 'ਸਤਿ ਸ੍ਰੀ ਅਕਾਲ' ਦਾ ਆਦਰਸ਼ਕ ਜੈਕਾਰਾ ਛੱਡ ਕੇ ਆਪੋ ਆਪਣੀ ਜੈਕਾਰ ਕਰਾਉਣ ਲਗ ਪਏ। ਬਾਵਲੇ ਲੋਕ ਫੋਕੀ ਵਡਿਆਈ ਮਈ ਕੁਲਹਾਂ ਦੇਣ ਵਾਲੇ ਅਤੇ ਲੈਣ ਵਾਲੇ ਓਦੂੰ ਭੀ ਭਾਰੇ ਨਿਰਲੱਜ ਯਥਾ ਗੁਰਵਾਕ:—"ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ"* ਆਪਣੀ ਚੂਹੰਗਤਾ ਨਾਲ ਫੁੱਲਿਆ ਹੋਇਆ ਚੂਹਾ ਅਗੇ ਮਾਣ ਨਹੀਂ ਸੀ, ਅਫਰੇਮੇ ਨਾਲ ਆਫ਼ਰੇ ਹੋਏ ਚੂਹੇ ਨੂੰ ਫੋਕੀ ਵਡਿਆਈ ਦਾ ਛੱਜ ਚਿੰਮੜ ਗਿਆ ਹੈ, ਉਹ ਖੱਡ ਵਿਚ ਕਿਵੇਂ ਵੜੇ, ਉਹ ਤਾਂ ਅੱਗੇ ਹੀ ਮਿਉਂਦਾ ਨਹੀਂ ਸੀ—"ਚੂਹਾ ਖਡ ਨ ਮਾਵਈ ਤਿਕੁਲਿ ਬੰਨ੍ਹੈ ਛਜ।"*

ਫੇਰ ਇੱਕ ਹੋਰ "ਜ਼ਿੰਦਾ ਬਾਦ" ਅਵਾਜ਼ੇ ਦਾ ਉਧਮੂਲ ਕਮਿਊਨਿਸਟੀ ਨੇਤਿਆਂ ਵਲੋਂ ਚੱਲਿਆ। ਉਹ ਭੀ ਰੀਸੋ ਰੀਸੀ ਅਸਾਡੇ ਪੰਥ ਅੰਦਰ ਆ ਘੁਸੜਿਆ। ਇਸ ਅਵਾਜ਼ੇ ਦੀ ਐਸੀ ਭਰਮਾਰ ਪਈ ਕਿ ਸਾਰੇ ਫ਼ਿਰਕੂ ਜੈਕਾਰੇ ਮਾਤ ਹੋ ਗਏ। ਜਿਧਰ ਵੇਖੋ ਅਲਪੱਗ ਆਗੂਆਂ ਅਤੇ ਜਣੇ ਖਣੇ ਲੀਡਰਾਂ ਨੂੰ ਜ਼ਿੰਦਾ ਬਾਦ ਦੀਆਂ

*ਸਲੋਕ ਮ: ੧, ਵਾਰ ਮਲਾਰ, ਪੰਨਾ ੧੨੮੬



www.AKJ.Org

ਅਲਾਹੁਣੀਆਂ ਮਿਲਣ ਲੱਗ ਪਈਆਂ ਹਨ। ਤਿਸ ਦੇ ਮੁਕਾਬਲੇ ਵਿਚ ਵਿਰੋਧੀ ਜਮਾਇਤ ਨੂੰ, ਕੋਝੀ ਸਰਕਾਰ ਨੂੰ 'ਮੁਰਦਾ ਬਾਦ' ਦੀਆਂ ਝੰਡੀਆਂ ਦਿਖਾਉਣ ਲੱਗ ਗਏ। ਜਿਹੜੀ ਕਾਂਗਰਸੀ ਜਮਾਇਤ ਗੋਰਾ-ਸ਼ਾਹੀ ਆਟੋਕਰੇਸੀ (ਇਕ-ਪੁਰਖਾ ਰਾਜ) ਨੂੰ 'ਮੁਰਦਾ ਬਾਦ' ਦੀਆਂ ਸਲਵਾਤਾਂ ਸੁਣਾਉਂਦੀ ਸੀ ਅਤੇ ਹੁਣ ਤਾਈਂ ਸੁਣਾਉਂਦੀ ਰਹੀ ਹੈ, ਉਸੇ ਕਾਂਗਰਸੀ ਜਮਹੂਰੀਅਤ ਵਾਲੀ ਸੱਜਰੀ ਬਣੀ ਸਰਕਾਰ (ਗਵਰਨਮੈਂਟ) ਨੂੰ ਹੀ ਹੁਣ ਉਹੀ ਸਲਵਾਤਾਂ "ਕਾਂਗਰਸ ਮੁਰਦਾ ਬਾਦ" ਵਿਰੋਧੀਆਂ ਵਲੋਂ ਮਿਲ ਰਹੀਆਂ ਹਨ। ਗੱਲ ਕੀ, ਇਹ ਬਿਮਾਰੀ ਐਸੀ ਫੈਲੀ ਹੈ ਕਿ ਦਿਨੋ ਦਿਨ ਛੂਤ ਦੇ ਰੋਗ ਵਾਂਗੂ ਵਧਦੀ ਹੀ ਜਾਂਦੀ ਹੈ। ਚਾਹੇ ਕਿਤਨੀਆਂ ਹੀ ਵਡੀਆਂ ਤੋਂ ਵਡੀਆਂ ਸ਼ੁਹਰਤ ਕਰਕੇ ਵੱਡੀਆਂ ਵਿਅਕਤੀਆਂ ਹੋਣ, ਆਖ਼ਰ ਤੇ ਅਲਪੱਗ ਹਸਤੀਆਂ ਹੀ ਹਨ। ਜਿਨ੍ਹਾਂ ਨੇ ਓੜਕ ਇਸ ਦੁਨੀਆ ਵਿਚ ਕਾਇਮ ਦਾਇਮ ਰਹਿਣਾ ਹੀ ਨਹੀਂ, ਉਨ੍ਹਾਂ ਨੂੰ ਜ਼ਿੰਦਾ ਬਾਦ ਆਖਿਆਂ, ਲੋਕਾਂ ਦੇ ਮੂੰਹੋਂ ਭਾਖਿਆਂ, ਕਿਹੜੇ ਜ਼ਿੰਦਾ ਬਾਦੀ ਮਿਹਰੰਮਤ ਦੇ ਸਦਜੀਵਨੀ ਟੋਰੇ ਲੱਗ ਜਾਂਦੇ ਹਨ। "ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥ ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥"*

ਸ੍ਰੀ ਦਸਮੇਸ਼ ਜੀ ਨੇ ਕਿਆ ਖ਼ੂਬ ਵਾਕ ਸ੍ਰੀ ਮੁਖ ਤੋਂ ਉਚਾਰਨ ਕੀਤੇ ਹਨ :–

ਸਵਯਾ–ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾ ਕੀ ਕਲਾ ਹੈ ॥
ਕਾਲ ਹੀ ਪਾਇ ਭਯੋ ਬ੍ਰਹਮਾ ਸਿਵ ਕਾਲ ਹੀ ਪਾਇ ਭਯੋ ਜੁਗੀਆ ਹੈ ॥
ਕਾਲ ਹੀ ਪਾਇ ਸੁਰਾਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ ॥
ਔਰ ਸੁਕਾਲ ਸਭੈ ਬਸ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ ॥੯੪॥

ਬਚਿਤ੍ਰ ਨਾਟਕ, ਅਧਿਆਇ ੧

ਤਾਂ ਤੇ ਇਕ ਅਕਾਲ ਪੁਰਖ ਦਾ ਜੈਕਾਰਾ, "ਸਤਿ ਸ੍ਰੀ ਅਕਾਲ" ਵਾਲਾ ਜੈਕਾਰਾ ਹੀ ਗਜਾਉਣ ਜੋਗ ਸੱਚਾ ਜੈਕਾਰਾ ਹੈ। ਹੋਰ ਸਭ ਕੱਚੇ ਅਤੇ ਕੱਚ-ਮਤੀਏ ਜੈਕਾਰੇ ਹਨ।......ਯਥਾ ਸ੍ਰੀ ਦਸਮੇਸ਼ ਮੁਖਵਾਕ :–

ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਇ ॥ ਕਿਤੇ ਰਾਮ ਸੇ ਮੇਟਿ ਡਾਰੇ ਉਪਾਏ ॥
ਮਹਾਂ ਦੀਨ ਕਿਤੇ ਪ੍ਰਿਥੀ ਮਾਂਝ ਹੂਏ ॥ ਸਮੈ ਆਪਨੀ ਆਪਨੀ ਅੰਤ ਮੂਏ ॥੨੭॥
ਜਿਤੇ ਅਉਲੀਆ ਅੰਬੀਆ ਹੋਇ ਬੀਤੇ ॥ ਤਿਤਿਓ ਕਾਲ ਜੀਤਾ, ਨਾ ਤੇ ਕਾਲ ਜੀਤੇ ॥
ਜਿਤੇ ਰਾਮ ਸੇ ਕ੍ਰਿਸਨ ਹੋਇ ਬਿਸ਼ਨ ਆਏ ॥ ਤਿਤਿਓ ਕਾਲ ਖਪਿਓ ਨ ਤੇ ਕਾਲ ਘਾਏ ॥੨੮॥

ਬਚਿਤ੍ਰ ਨਾਟਕ, ਅਧਿਆਇ ੧

ਇਸ ਸ੍ਰੀ ਦਸਮੇਸ਼ ਮਹਾਂਵਾਕ ਦੀ ਰੌਸ਼ਨੀ ਤਲੇ ਜਦ ਵਡੇ ਵਡੇ ਔਲੀਆ ਅੰਬੀਆ ਅਤੇ ਅਵਤਾਰ ਸਭ ਬਿਨਾਸਮਾਨ ਹਨ, ਤਾਂ ਉਨ੍ਹਾਂ ਦੇ ਨਾਮਾਂ ਤੇ ਅਲਪੱਗ ਪੁਰਸ਼ਾਂ ਦੇ ਰਚੇ ਅਲਪੱਗ ਜੈਕਾਰੇ ਕੀ ਹੈਸੀਅਤ ਰਖਦੇ ਹਨ ? ਜਦ ਉਪਰ ਦਸੇ ਮਹਾਂ ਅਵਤਾਰ ਨਹੀਂ ਰਹੇ ਤਾਂ ਅੱਜ ਕੱਲ੍ਹ ਦੇ ਅਲਪੱਗ ਹਸਤੀ ਵਾਲੇ ਆਗੂ ਅਤੇ ਲੀਡਰ ਕਦ ਅਸਥਿਰ ਰਹਿ ਸਕਦੇ ਹਨ ਅਤੇ ਉਨ੍ਹਾਂ ਨੂੰ ਜ਼ਿੰਦਾ ਬਾਦ ਆਖਣਾ, ਜੈਕਾਰਿਆਂ ਵਿਚ ਭਾਖਣਾ ਕੀ ਮਾਅਨੇ ਰੱਖਦਾ ਹੈ

ਆਲਮਗੀਰ ਸਰਬੱਗਤਾ ਵਾਲਾ ਜੈਕਾਰਾ ਇਕੋ "ਸਤਿ ਸ੍ਰੀ ਅਕਾਲ" ਦਾ ਹੀ ਜੈਕਾਰਾ ਹੈ, ਜੋ ਕਿ ਅਕਾਲ ਪੁਰਖ ਸਰਬ-ਦੇਸ਼-ਦੇਸ਼ਾਂਤਰੀ ਵਿਆਪਕ ਸਰਬ ਸ੍ਰਿਸ਼ਟੀ ਦਾ ਰੱਛਕ ਹੈ। "ਆਦਿ ਸਚੁ, ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ"† ਵਾਲੀ ਅਮਰ ਅਤੇ ਅਟੱਲ ਪਦਵੀ ਕੇਵਲ ਅਕਾਲ ਪੁਰਖ ਤੇ ਹੀ ਘਟਦੀ ਹੈ। ਤਾਂ ਤੇ ਕੇਵਲ ਸਤਿ ਸ੍ਰੀ ਅਕਾਲ ਮਈ ਜੈ-ਜੈਕਾਰ ਹੀ ਸਦਾ ਅਟੱਲ ਤੇ ਅਮਰ ਸਰੂਪ ਹੈ।

*ਸੂਹੀ ਮ: ੩, ॥੧॥ ਪੰਨਾ ੭੫੫ †ਜਪੁਜੀ, ਸਲੋਕ ੧



www.AKJ.Org

ਜੋ ਇਸ ਅਜ਼ਲ ਅਬਦੀ ਸਦਾ ਅਮਰ ਜੈਕਾਰੇ ਨੂੰ ਫ਼ਿਰਕੂ ਜੈਕਾਰਾ ਦਸਦੇ ਹਨ, ਉਹ ਖ਼ੁਦ ਫ਼ਿਰਕੂ ਹਨ। ਟੋਭੇ ਦੇ ਡੱਡੂ ਵਾਂਗ ਉਨ੍ਹਾਂ ਨੂੰ ਟੋਭੇ ਦੇ ਕੰਢਿਆਂ ਤੋਂ ਬਾਹਰ ਹੋਰ ਕੁਝ ਸੁਝਦਾ ਹੀ ਨਹੀਂ। "ਜੈ ਹਿੰਦ" ਦਾ ਜੈਕਾਰਾ ਨਿਰਾ ਅਲਪੱਗ ਫ਼ਿਰਕੂਆਂ ਦੀ ਘਾੜਤ ਹੈ। ਜਿਵੇਂ ਹਿੰਦ ਵਾਸੀਆਂ ਨੇ "ਜੈ ਹਿੰਦ" ਦਾ ਜੈਕਾਰਾ ਘੜ ਲਿਆ, ਏਸੇ ਤਰ੍ਹਾਂ ਹੋਰ ਦੇਸਾਂ ਦੇ ਵਾਸੀ ਆਪੋ ਆਪਣੇ ਦੇਸਾਂ ਦੇ ਜੈਕਾਰੇ ਘੜ ਲੈਣ ਤਾਂ ਇਹ ਉਨ੍ਹਾਂ ਦੇਸ਼ਾਂ ਦੇ ਵਡੇ ਫ਼ਿਰਕੂ ਜੈਕਾਰੇ ਤਾਂ ਕਹਾ ਸਕਦੇ ਹਨ, ਪਰ ਇਹ ਸਦਾ ਅਸਥਿਰ ਰਹਿਣ ਵਾਲੇ ਸਰਬੱਗ ਤੇ ਆਲਮਗੀਰ ਜੈਕਾਰੇ ਹਰਗਿਜ਼ ਨਹੀਂ ਹੋ ਸਕਦੇ, ਕਿਉਂਕਿ ਕਿਸੇ ਭੀ ਦੇਸ਼ ਨੇ ਅਤੇ ਕਿਸੇ ਦੇਸ਼ ਦੇ ਰਾਜ ਨੇ ਸਦਾ ਅਟੱਲ, ਅਸਥਿਰ ਅਤੇ ਅਮਰ ਨਹੀਂ ਰਹਿਣਾ। "ਜੈ ਹਿੰਦ" ਕਹਿਣ ਕਹਾਉਣ ਦੇ ਚਾਰ ਦਿਨ ਦੇ ਚਿਤ-ਪਰਚਾਵੇ ਹੀ ਹਨ।

ਸਾਨੂੰ ਬੜਾ ਸ਼ੋਕ ਹੈ ਉਹਨਾਂ ਪੁਰਸ਼ਾਂ ਦੀ ਬੁਧੀ ਉਤੇ, ਜੋ ਸਿੱਖੀ ਦਾ ਜਾਮਾ ਧਾਰ ਕੇ "ਜੈ ਹਿੰਦ" ਦੇ ਜੈਕਾਰੇ ਦੀ ਪੂਛ ਫੜੀ ਫਿਰਦੇ ਹਨ। ਉਹ ਦਰ-ਅਸਲ ਬਹੁ-ਰੂਪੀਏ ਸਿੰਘ ਹਨ। ਹਿੰਦੁਸਤਾਨ ਪ੍ਰਸਤ, ਜੈ ਹਿੰਦ ਦੀ ਧਰਤੀ-ਪ੍ਰਸਤ, ਹਿੰਦ ਰਾਜ ਦੀ ਨਿਜ ਘੜੀ ਮੂਰਤੀ ਦੇ ਬੁੱਤ-ਪ੍ਰਸਤ ਤਾਂ ਉਹ ਕਹਾ ਸਕਦੇ ਹਨ, ਪਰ ਉਹ ਸੱਚੇ ਸਿਆਸਤਦਾਨ ਸਿੱਖ ਹਰਗਿਜ਼ ਨਹੀਂ ਕਹਾ ਸਕਦੇ। ਹਿੰਦ ਦੀ ਆਜ਼ਾਦੀ 'ਜੈ ਹਿੰਦ' ਦੇ ਅਵਾਜ਼ਿਆਂ ਨਾਲ ਕਦੇ ਨਹੀਂ ਆ ਸਕਦੀ। ਇਹ ਤਾਂ ਇਕ ਅਕਾਲ ਪ੍ਰਸਤਾਂ ਦੇ ਸੂਰਬੀਰਤਾ ਭਰੇ "ਸਤਿ ਸ੍ਰੀ ਅਕਾਲ" ਦੇ ਜੈਕਾਰਿਆਂ ਦੀ ਧੁਨਕਾਰ, ਗੁੰਜਾਰ ਅਤੇ ਜੈ-ਜੈਕਾਰ ਨਾਲ ਹੀ ਆ ਸਕਦੀ ਹੈ। ਐਸੇ ਗੁਰੂ ਘਰ ਤੋਂ ਗੁਮਰੁਠ ਹੋ ਚੁਕੇ ਕਚ-ਘਰੜ ਸਿਖਾਂ ਨੂੰ ਸਤਿਗੁਰੂ ਸੁਮੱਤ ਬਖਸ਼ੇ। 'ਜੈ ਹਿੰਦ' ਦਾ ਜੈਕਾਰਾ ਕਚ-ਘਰੜੀਆਂ ਦੀ ਹੀ ਕਾਢ ਹੈ। 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਸਾਰੇ ਮੁਲਕਾਂ, ਦੇਸਾਂ ਅਤੇ ਕੌਮਾਂ ਉਤੇ ਹਾਵੀ ਹੈ।

ਯਾਦ ਰਖੋ ਕਿ ਏਹਨਾਂ ਸਾਰਿਆਂ ਗੁਰੂ ਘਰ ਤੋਂ ਬੇਮੁਖ ਹੋਇਆਂ ਨੇ ਓੜਕ ਆ ਕੇ ਗੁਰੂ ਪੰਥ ਦੀ ਸ਼ਰਨ ਲੈਣੀ ਹੈ। ਇਹ ਗੱਲ ਪੱਥਰ ਤੇ ਲਕੀਰ ਵਾਲੀ ਹਕੀਕਤ ਜਾਣੋ ਕਿ ਇਹਨਾਂ ਸਿੱਖ ਜੈ-ਹਿੰਦੀਆਂ ਨੇ, ਆਜ਼ਾਦ ਹਿੰਦੀ ਨਵ 'ਜੈ ਹਿੰਦੀਆਂ' ਨੇ, ਏਹਨਾਂ ਫੋਕੇ ਹੋਕਰੇ ਮਾਰਨ ਵਾਲੇ 'ਜ਼ਿੰਦਾ ਬਾਦੀਆਂ' ਨੇ, ਏਹਨਾਂ ਪੰਥ ਮੁਨਹਰਫ਼ 'ਦੋਇਮ-ਪੰਥੀਆਂ' ਨੇ ਖ਼ੁਆਰ ਹੋ ਕੇ ਮਿਲਣਾ ਹੈ। ਉਨ੍ਹਾਂ ਦੋਇਮ-ਪੰਥੀਆਂ ਨੂੰ, ਜਿਨ੍ਹਾਂ ਦਾ ਅਕੀਦਾ ਹੀ ਅੱਵਲ ਪੰਥ ਉਤੇ ਹੈ ਹੀ ਨਹੀਂ, ਲਾਜ ਨਹੀਂ ਆਉਂਦੀ ਕਿ ਗੁਰੂ ਪੰਥ ਦੇ ਮੁਖੀ ਬਣ ਬਣ ਬਹਿਣ!! ਉਨ੍ਹਾਂ ਦਾ ਕੀ ਹੱਕ ਹੈ ਕਿ ਗੁਰੂ ਪੰਥ ਦੀ ਮੁਖੀ ਸੰਸਥਾ ਉਤੇ ਮੁਫ਼ਤ ਦਾ ਜੱਫਾ ਮਾਰ ਕੇ ਆਕੀ ਹੋ ਜਾਣ। ਤਿਨ੍ਹਾਂ ਨੂੰ ਫੋਕੀ ਸ਼੍ਰੋਮਣਤਾ ਦੇ ਮੁਖੀ-ਪਣ ਤੋਂ ਅਲਹਿਦਾ ਕਰ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਨਵੇਂ ਉਗੇ ਹੋਏ ਅਤੇ ਉਘੇ ਹੋਏ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੇ ਵਿਰੁੱਧ ਬਾਘੀਆਂ ਪਾਉਣਹਾਰੇ 'ਜੈ ਹਿੰਦ' ਦੇ ਜੈਕਾਰਿਆਂ ਦੇ ਮੋਹਰੀਆਂ ਅਤੇ ਕਸ ਕਸ ਟਾਹਰਾਂ ਮਾਰਨ ਵਾਲਿਆਂ ਨੂੰ ਜ਼ਰਾ ਆਪਣੀ ਬੁੱਕਲ ਵਿਚ ਮੂੰਹ ਪਾ ਕੇ ਝਾਤੀ ਮਾਰ ਲੈਣੀ ਚਾਹੀਦੀ ਹੈ ਕਿ ਜੋ ਮਸ਼ਹੂਰੀ ਉਨ੍ਹਾਂ ਦੇ ਉਘੇ ਹੋਣ ਦੀ ਹੋਈ ਹੈ, ਉਹ ਕਿਸ ਦੀ ਬਦੌਲਤ ਹੋਈ ਹੈ। ਇਹ ਪੰਥਕ ਅਖ਼ਬਾਰਾਂ ਦੀ ਹਮੈਤ ਦੇ ਤੁਫ਼ੈਲ ਹੀ ਉਨ੍ਹਾਂ ਨੂੰ ਪ੍ਰਸਿਧਤਾ ਪ੍ਰਾਪਤ ਹੋਈ ਹੈ, ਨਹੀਂ ਤਾਂ ਉਨ੍ਹਾਂ ਨੂੰ ਕੌਣ ਜਾਣਦਾ ਸੀ ਕਿ ਉਹ ਕਿਸ ਬਾਗ਼ ਦੀ ਮੂਲੀ ਹੈਨ।

ਜਿਨ੍ਹਾਂ ਕਾਂਗਰਸੀਆਂ ਦੀ ਉਹ ਮੁਢ ਤੋਂ ਅਕੀਦਤ ਜਮਾਉਂਦੇ ਆਏ ਹਨ, ਉਹਨਾਂ ਹੀ ਕਾਂਗਰਸ-ਮੁਖੀਆਂ ਨੇ ਉਨ੍ਹਾਂ ਨੂੰ ਠੁਕਰਾ ਦਿਤਾ ਸੀ, ਏਹਨਾਂ ਦੀ ਕੋਈ ਬਾਤ ਨਹੀਂ ਸੀ ਪੁਛਦਾ। ਜੈ-ਹਿੰਦੀਆਂ, ਹਾਂ ਹਾਂ ਹਿੰਦੂ ਫ਼ਿਰਕੇ ਦੇ ਸਾਰੇ ਅਖ਼ਬਾਰਾਂ ਨੇ ਸਿਰਫ਼ ਏਸ ਕਰਕੇ ਧਲੀ (ਠੁਕ) ਨਹੀਂ ਸੀ ਬੱਝਣ ਦਿਤੀ ਕਿ ਏਹਨਾਂ ਦੀ ਸ਼ਕਲ ਸੂਰਤ ਸਿੱਖਾਂ ਵਾਲੀ ਸੀ, ਨਾਉਂ ਸਿਖਾਂ ਵਾਲੇ ਸਨ। ਏਥੇ ਕੇਵਲ ਏਸੇ ਬੁਗ਼ਜ਼ ਦੇ ਕਾਰਨ ਏਨ੍ਹਾਂ ਦੇ ਮਨ-ਮੰਨੇ ਕਾਂਗਰਸੀਆਂ ਅਤੇ ਕਹਿਵਤੀ (So called) ਕੌਮ-ਪ੍ਰਸਤਾਂ ਨੇ ਏਹਨਾਂ ਨੂੰ ਉੱਕਾ ਹੀ ਪਛਾੜ ਛਡਿਆ ਸੀ। ਇਹ ਆਵਾਜ਼ ਸਿੱਖ ਅਖ਼ਬਾਰਾਂ ਨੇ ਹੀ ਉਠਾਈ ਅਤੇ ਬੜੇ ਧੜੱਲੇ ਨਾਲ ਗੱਜ ਵੱਜ ਕੇ ਉਠਾਈ। ਅਜ਼ਾਦ ਹਿੰਦ ਫ਼ੌਜ ਦੇ ਅਸਲ ਨੇਤਾ ਹਕੀਕੀ ਆਰਗੇਨਾਈਜ਼ਰ (organiser) ਸਾਡੇ ਹੀ ਸਿੱਖ ਨਾਮ ਦੇ ਗੁਝੇ ਰਤਨ ਹਨ, ਜਿਨ੍ਹਾਂ ਨੂੰ ਛੁਪਾ ਕੇ



www.AKJ.Org

ਦਬਾ ਕੇ ਰੱਖਣ ਲਈ ਅਨਮਤੀ ਅਖ਼ਬਾਰ ਅੱਡੀ ਚੋਟੀ ਦਾ ਜ਼ੋਰ ਲਾ ਰਹੇ, ਤਾਂ ਕਿ ਉਕਤ ਸਿੱਖ ਮੁਖੀਆਂ ਦੀ ਮਸ਼ਹੂਰੀ ਦੇ ਪੈਰ ਨਾ ਜੰਮ ਜਾਣ। ਜਿਨ੍ਹਾਂ ਦੀ ਬਦੌਲਤ ਮੁੜ ਪ੍ਰਸਿੱਧਤਾ ਪ੍ਰਾਪਤ ਹੋਈ, ਉਹਨਾਂ ਹੀ ਪੰਥ-ਅਕੀਦਤੀਆਂ ਦੀ ਅਕੀਦਤ ਦੇ ਅੱਜ ਉਹ ਕੱਟੜ ਵਿਰੋਧੀ ਬਣ ਬੈਠੇ ਹਨ। ਕੀ ਉਨ੍ਹਾਂ ਦੀ ਇਹ ਅਕ੍ਰਿਤਘਣਤਾ ਨਹੀਂ ? ਤਿਨ੍ਹਾਂ ਨੂੰ ਲਾਜ਼ਮੀ ਹੈ ਕਿ ਉਹ ਆਪਣੀ ਇਸ ਅਕ੍ਰਿਤਘਣਤਾ ਦੀ ਲੀਕ ਮਿਟਾਉਣ ਲਈ ਮੁੜ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜ ਜਾਣ, ਗੁਰੂ ਕਲਗੀਧਰ ਦੀ ਬਖ਼ਸ਼ੀ ਹੋਈ ਰਹਿਣੀ ਬਹਿਣੀ ਸਹਿਣੀ ਅਤੇ ਕਰਨੀ ਦੇ ਪੂਰੇ ਸੂਰੇ ਹੁਕਮ ਅਨਕੂਲੀ ਹੋ ਜਾਣ, ਨਹੀਂ ਤਾਂ ਐਵੇਂ ਉਨ੍ਹਾਂ ਦੇ ਭੜਕੀਲੇ ਅਤੇ ਜੋਸ਼ੀਲੇ ਲੈਕਚਰ ਕੀ ਅਰਥ ਰਖਦੇ ਹਨ, ਸਿਰਫ਼ ਅੱਲ੍ਹੜ ਸਿੱਖ ਪਨੀਰੀ ਨੂੰ ਗੁਮਰਾਹ ਕਰ ਰਹੇ ਹਨ। ਨੌਜਵਾਨ ਨਵ-ਫ਼ੈਸ਼ਨੀ ਸਿੱਖ ਯੁਵਕਾਂ ਨੂੰ ਫੁਸਲਾ ਕੇ ਗੁਰੂ ਦੀ ਰਹਿਤ ਅਤੇ ਸਿੱਖੀ ਤੋਂ ਬੇਮੁਖ ਕਰ ਰਹੇ ਹਨ। ਆਪ ਬੇਮੁਖ ਹੋ ਰਹੇ ਹਨ ਅਤੇ ਨੌਆਮਜ਼ ਸਿੱਖ ਜੈਂਟਰੀ ਨੂੰ ਕੁਰਾਹੇ ਪਾ ਰਹੇ ਹਨ। ਅਜੇ ਵੇਲਾ ਹੈ ਸੁਮੱਤੇ ਲੱਗ ਜਾਣ। ਗੁਰੂ ਘਰ ਦੇ ਜੈਕਾਰਿਆਂ ਦੀ ਇਜ਼ਤ ਅਕੀਦਤ ਦੇ ਹਾਮੀ ਬਣਿ, ਸਤਿਗੁਰੂ ਸਾਹਿਬ ਉਹਨਾਂ ਉਤੇ ਰਹਿਮਤ ਨਾਜ਼ਲ ਕਰਨਗੇ। ਅਸਾਡੇ 'ਦੋਇਮ ਪੰਥੀਆਂ' ਲਈ ਭੀ ਇਹ ਨਾਦਰ ਤੇ ਸੁਨਹਿਰੀ ਮੌਕਾ ਹੈ ਕਿ ਉਹ ਆਪਣੀ "ਦੋਇਮ ਪੰਥਕੀ" ਬਰਾਦਰੀਆਂ ਵਹਿਦਤਾਂ ਨੂੰ ਛੱਡ ਕੇ ਅਵਲ ਪੰਥੀਆਂ ਵਾਲੀ ਸੱਚੀ ਅਕੀਦਤ ਆ ਗ੍ਰਹਿਣ ਕਰਨ ਅਤੇ ਆਪਣੀਆਂ ਪਿਛਲੀਆਂ ਭੁੱਲਾਂ ਬਖਸ਼ਾਇ ਕੇ ਗੁਰੂ ਪੰਥ ਦੇ ਮੁੜ ਸਚਿਆਰ ਸਿੰਘ ਸੇਵਕ ਸਜ ਜਾਣ। ਇਉਂ ਸਾਰੇ ਹੀ ਵਿਗੜ ਪੰਥੀਏ ਜੇ ਸੁਧਰ ਜਾਣ ਅਤੇ ਸੁਧਰ ਕੇ ਪੰਥ ਗੁਰੂ ਨਾਲ ਇਕ ਮਿਕ ਹੋ ਜਾਣ ਤਾਂ ਅਸੀਂ ਫੇਰ ਕੀਹਦੇ ਲੈਣ ਦੇ ਹਾਂ। ......ਦੋਇਮ ਪੰਥੀਆਂ ਦੇ ਘਰ ਦੇ ਭੇਤੀ ਨਿਜ ਗਰੁਪੀ ਵਿਰੋਧੀਆਂ ਅਤੇ ਅਵਲ ਪੰਖੀ ਸਦਾਉਣ ਵਾਲਿਆਂ ਦਾ ਭੀ ਅੱਵਲ-ਤਰੀਨ ਫ਼ਰਜ਼ ਹੈ ਕਿ ਸਾਰੇ ਵਿਤਕਰੇ ਮਿਟਾਇ ਕੇ, ਟੋਏ ਟਿਬੇ ਲਾਹਿ ਕੇ, ਆਪਣੀ ਵਿਰੋਧਤਾ ਨੂੰ ਛਡ ਕੇ ਸਿਧੇ ਪੱਧਰੇ ਹੋ ਜਾਣ, ਦੁਰੰਗੀ ਛੱਡ ਕੇ ਇਕ-ਰੰਗੇ ਹੋ ਜਾਣ, ਆਪਣੇ ਭੁੱਲੜ ਭਰਾਵਾਂ ਨੂੰ ਗਲ ਲਾਉਣ ਅਤੇ ਉਹਨਾਂ ਦੇ ਗਲ ਲੱਗ ਜਾਣ। ਇਉਂ ਸਾਰੇ ਹੀ ਹਉਮੈ ਤਿਆਗ ਕੇ ਨਾਮ ਰੰਗਾਂ ਦੀ ਕੁਠਾਲੀ ਵਿਚ ਢਲ ਜਾਣ। ਆਪੋ ਆਪਣੇ ਇਸ ਬਿਧ ਹਉਮੈ ਰੋਗ ਦੂਰ ਕਰ ਲੈਣ, ਤਾਂ ਉਹ ਦਿਨ ਦੂਰ ਨਹੀਂ ਕਿ ਅਸੀਂ ਮੁੜ ਆਪਣੀ ਕਾਫ਼ੂਰ ਹੋਈ ਅਹਿ-ਮੀਅਤ ਨੂੰ ਬਰਕਰਾਰ ਕਰ ਲਈਏ ਅਤੇ ਸਾਰੀਆਂ ਕੌਮਾਂ ਦੇ ਸਿਰਤਾਜ ਬਣ ਜਾਈਏ, ਜੈਸਾ ਕਿ ਸ੍ਰੀ ਕਲਗੀਧਰ ਜੀ ਨੇ ਸਾਨੂੰ ਸਭ ਦਾ ਸਿਰਤਾਜ ਬਣਾਇਆ ਸੀ। ਇਉਂ ਅਸੀਂ ਲੋਕ ਪ੍ਰਲੋਕ ਵਿਖੇ ਸਰਫ਼ਰਾਜ਼ੀ ਪ੍ਰਾਪਤ ਕਰਨ ਦੇ ਪਾਤਰ ਬਣ ਸਕਦੇ ਹਾਂ।

['ਗੁਰਮਤਿ ਵਿਚਾਰ' ਪੁਸਤਕ ਵਿਚੋਂ

---

[ਸਫ਼ਾ ੮ ਦੀ ਬਾਕੀ]

ਜੁਦਾ ਹੁੰਦਿਆਂ ਭਾਈ ਮਨੀ ਸਿੰਘ ਜੀ ਨੂੰ ਅਤੇ ਚਰਖੜੀ ਉੱਤੇ ਚੜ੍ਹ ਕੇ ਜਰਖੜੇ ਜਾਂਦੇ ਭਾਈ-ਸੁਬੇਗ ਸਿੰਘ ਜੀ ਆਦਿਕ ਨੂੰ ਸੀ ਤੱਕ ਉਚਾਰਨ ਦਾ ਫੁਰਨਾ ਨਹੀਂ ਫੁਰਨ ਦਿੱਤਾ ? ਇਹ ਕੇਵਲ ਓਹੋ ਪੱਕ ਚੁੱਕੀ ਪ੍ਰਬਲ ਨਾਮ ਮਹਾਂ ਰਸ ਦੀ ਲਿਵਤਾਰ ਹੈ।

ਇਹ ਮਹਾਂ-ਅਨੰਦ-ਰਸੀ ਗੰਭੀਰਤਾ ਦੀ ਆਤਮ ਮੌਜ ਹੈ। ਇਹ ਚੜ੍ਹਦੀਆਂ ਕਲਾਂ ਵਾਲੀ ਸੂਰਬੀਰਤਾ ਦੀ ਬਿਰਤੀ ਹੈ। ਇਹ ਦੁਖ ਸੁਖ ਸਮ ਕਰ ਜਾਨਣ ਵਾਲੀ ਸੱਚੀ ਸ਼ਾਂਤ-ਸਮਾਈ ਹੈ। ਇਹ ਆਤਮ-ਰੰਗਾਂ ਦੀ ਉੱਚੀ ਬਿਵਸਥਾ ਹੈ। ਇਹ ਸੱਚੀ ਭੈ-ਭਾਵਨੀ ਤੋਂ ਉਪੰਨਾ ਨਿਰਭੈ ਪਦ ਹੈ। ਐਸੀ ਅਤੇ ਐਨ ਇਸ ਪ੍ਰਕਾਰ ਦੀ ਗਤੀ ਪ੍ਰਾਪਤ ਹੋਏ ਬਗੈਰ ਸੱਚਾ ਬੀਰ ਰਸ ਤੇ ਪਰਉਪਕਾਰ ਰਤੰਨਾ ਬੀਰ ਰਸ ਬਣ ਆਉਣਾ ਅਸੰਭਵ ਹੈ। ਏਥੇ ਬੀਰ ਰਸ ਤੇ ਸ਼ਾਂਤ ਰਸ ਅਭੇਦ ਹੈ। ਇਹ ਹੈ ਕਲਗੀਧਰ ਪਾਤਸ਼ਾਹ ਦੀ ਨਾਮ ਦੇ ਖੰਡੇ ਤੇ ਸਰਬ ਲੋਹੀ ਖੰਡੇ ਦੀ ਫ਼ਿਲਾਸਫ਼ੀ, ਜਿਸ ਨੂੰ ਅਹਿੰਸਾਵਾਦੀ ਬੋਧੀ ਜੈਨੀ ਆਦਿ ਸਮਝਣ ਤੋਂ ਅਸਮਰੱਥ ਹਨ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਵਿਚਾਰ' ਪੁਸਤਕ ਚੋਂ



www.AKJ.Org

# ਦਸਮ ਪਾਤਸ਼ਾਹ ਦੀ, ਖੰਡੇ ਦੀ ਫ਼ਿਲਾਸਫ਼ੀ

ਪਰਉਪਕਾਰ ਦਾ ਨਿਰਭੈ ਪਦ, ਨਾਮ ਮਹਾਂ ਰਸ ਦੀ ਕਮਾਈ ਦਾ ਸਿਖਰਲਾ ਡੰਡਾ ਹੈ। ਏਥ਼ੇ ਅੱਪੜ ਕੇ ਹੀ ਪੁਰਸ਼ ਪਰਉਪਕਾਰੀ ਹੋ ਸਕਦਾ ਹੈ। ਜਿਨ੍ਹਾਂ ਦੀ ਆਤਮ-ਬਿਰਤੀ ਭਜਨ ਬਾਣੀ ਦੇ ਪ੍ਰਤਾਪ ਨਾਲ ਦੇਹ-ਅਧਿਆਸ ਤੋਂ ਰਹਿਤ ਹੋ ਚੁੱਕੀ ਹੈ, ਜਿਨ੍ਹਾਂ ਦੇ ਜੀਵਨ ਆਤਮ-ਬਲ ਦੇ ਤਾਣ ਆਪੇ ਤੋਂ ਉੱਚੇ ਹੋ ਚੁੱਕੇ ਹਨ, ਜੋ ਨਾਮ ਰਸਾਇਣ ਨਸ਼ੇ ਨਾਲ ਖੀਵੇ ਹੋ ਕੇ ਦੇਹੋਂ ਬਦੇਹ ਹੋ ਚੁੱਕੇ ਹਨ, ਜਿਨ੍ਹਾਂ ਦੀ ਅਮਲੀ ਭਗਤੀ ਕਮਾਈ :–

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥੨੦੪॥ (ਪੰਨਾ ੧੩੭੫)

ਦੇ ਵਾਕ ਵਾਲੇ ਭਾਵ ਦੇ ਟਿਕਾਣੇ ਤੇ ਪਹੁੰਚ ਚੁੱਕੀ ਹੈ, ਜਿਨ੍ਹਾਂ ਦੇ ਰਗੋ-ਰੇਸ਼ੇ ਅੰਦਰ ਚੜ੍ਹਦੀਆਂ ਕਲਾਂ ਵਾਲਾ ਬੀਰ ਰਸ ਹਰ ਦੰਮ ਠਾਠਾਂ ਮਾਰ ਉੱਠਦਾ ਹੈ, ਉਹੀ ਪੁਰਸ਼ ਹੀ ਪਰਉਪਕਾਰੀ ਬਣ ਸਕਦੇ ਹਨ। ਪਰ ਪਰਉਪਕਾਰ ਨਮਿੱਤ ਬੀਰ ਰਸ ਦੇ ਅੰਤਰ-ਆਤਮੇ ਹੋਣ ਤੋਂ ਭਾਵ ਇਹ ਹੈ ਕਿ ਸਾਹਮਣੇ ਦੀਨਾਂ ਦੁਖੀਆਂ ਪਰ ਜਬਰ ਹੋ ਰਿਹਾ ਹੋਵੇ, ਧਰਮ ਦੀ ਹਾਨੀ ਹੁੰਦੀ ਹੋਵੇ, ਅਨਿਆਉਂ ਅੱਤਿਆਚਾਰ ਹੋ ਰਿਹਾ ਹੋਵੇ, ਓਥੇ ਜਿਸ ਦੇ ਰਿਦੰਤਰ ਦੀਨ-ਰੱਖਿਆ ਤੇ ਧਰਮ-ਰੱਖਿਆ ਦੇ ਅਗੰਮੀ ਵਲਵਲੇ ਉੱਠਣ, ਪਰ ਵੈਰ ਵਿਰੋਧ ਤੇ ਕਰੋਧ ਅਹੰਕਾਰ ਦੀ ਅੰਸ ਮਾਤ੍ਰ ਭੀ ਇਨ੍ਹਾਂ ਵਲਵਲਿਆਂ ਵਿਚ ਨਾ ਹੋਵੇ, ਤੇ ਇਹ ਵਲਵਲੇ ਤਨ, ਮਨ, ਧਨ ਅਤੇ ਸਰਬੰਸ ਵਾਰ ਦੇਣ ਦਾ ਅਮਲੀ ਜਾਮਾ ਪਹਿਨਾਉਣ ਦੀ ਤਾਰ ਬਰਕੀ ਕਲਾ ਵਰਤਾ ਦੇਣ, ਤਾਂ ਜਾਣੀਐ ਕਿ ਬੀਰ ਰਸ ਵਾਲਾ ਪਰਉਪਕਾਰੀ ਜੀਵਨ ਉਤਪੰਨ ਹੋ ਗਿਆ ਹੈ। ਜਿਉਂ ਜਿਉਂ ਏਸ ਬੀਰ ਰਸ ਦੀ ਤਾਰ ਕਲਾ ਅੰਦਰ ਫਿਰਦੀ ਹੈ ਤਿਉਂ ਤਿਉਂ ਨਾਮ ਦਾ ਖੰਡਾ ਦੂਣ ਸਵਾਇਆ ਖੜਕਦਾ ਹੈ। ਅੰਦਰ ਇਹ ਨਾਮ ਦਾ ਖੰਡਾ ਖੜਕਦਾ ਹੋਵੇ ਅਤੇ ਬਾਹਰ ਨਿਜ ਭੁਜ ਬਲ ਤੋਂ ਦੁਸ਼ਟਾਂ ਸ਼ਤਰੂਆਂ ਨੂੰ ਦਮਨ ਕਰਨਹਾਰਾ ਸਰਬ ਲੋਹ ਦਾ ਖੜਗ ਖੰਡਾ ਖੜਕਦਾ ਹੋਵੇ ਤੇ ਅੰਦਰਲੀ ਤਾਰ ਨਿਮਖ ਮਾਤ੍ਰ ਵੀ ਨਾ ਟੁੱਟੇ, ਇਹ ਬੀਰ ਰਸ ਮਾਤੇ ਪਰਉਪਕਾਰੀ ਜੋਧੇ ਦੇ ਵਾਸਤਵੀ ਲੱਛਣ ਹਨ। ਏਸ ਅਵਸਥਾ ਪ੍ਰਥਾਇ ਸ੍ਰੀ ਦਸਮੇਸ਼ ਜੀ ਦਾ ਇਹ ਮੁਖਵਾਕ ਕਿਹਾ ਸੁੰਦਰ ਫਬਦਾ ਹੈ :–

ਸਵਯਾ–ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿਤ ਮੈਂ ਜੁੱਧ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉਂ ਉਜਿਆਰੈ ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥੨੪੯੨॥

ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ

ਪਰਉਪਕਾਰੀ ਬੀਰ ਨੂੰ ਮਰਨ ਕਾਲ ਦਾ ਤ੍ਰਾਸ ਨਹੀਂ, ਮਰ ਮਿਟਣ ਦੀ ਪਰਵਾਹ ਨਹੀਂ।......ਜਿਨ੍ਹਾਂ ਦੀ ਲਿਵ ਐਸੀ ਪੱਕ ਚੁੱਕੀ ਹੋਵੇ ਕਿ ਅਸਹਿ ਕਸ਼ਟਾਂ ਦੇ ਮਿਲਣ ਪਰ ਭੀ ਨਾ ਟੁੱਟੇ ਅਤੇ ਨੂਰੀ ਮੱਥੇ ਦਾ ਖਿੜਾਉ ਤੇ ਅੰਤ੍ਰੀਵ ਸ਼ਾਂਤ ਰਸ ਜਿਉਂ ਕਾ ਤਿਉਂ ਬਣਿਆ ਰਹੇ।

ਉਹ ਕੀ ਤਾਕਤ ਹੈ, ਜਿਸ ਨੇ ਸੀਸ ਦੀਆਂ ਖੋਪਰੀਆਂ ਉਤਾਰਦਿਆਂ ਹੋਇਆਂ ਭੀ ਭਾਈ ਤਾਰੂ ਸਿੰਘ ਜਿਹੇ ਸੂਰਬੀਰ ਸ਼ਾਂਤ ਰਸ ਦੇ ਪੁਤਲਿਆਂ ਨੂੰ ਅਡੋਲ ਰਖਿਆ ? ਉਹ ਕਿਹੜੀ ਸ਼ਕਤੀ ਹੈ ਕਿ ਜਿਸ ਨੇ ਦੂਲੇ ਭਾਈ ਵੀਰ ਸਿੰਘ ਨੌਰੰਗਾਬਾਦੀਏ ਨੂੰ ਦੜਾ ਦੜ ਪੈਂਦੀਆਂ ਤੋਪਾਂ ਦੇ ਬੁਛਾੜ ਵਿਚ ਪਹਾੜ ਦੀ ਨਿਆਈਂ ਅਚੱਲ ਤੇ ਅਹਿੱਲ ਸਮਾਧੀ ਵਿਚ ਇਸਥਿਤ ਬਿਠਾਈ ਰੱਖਿਆ ? ਉਹ ਕਿਹੜੀ ਅਗੰਮੀ ਕਲਾ ਹੈ ਜਿਸ ਨੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰੇ ਜਾਂਦਿਆਂ ਤੇ ਭਾਈ ਦਿਆਲਾ ਜੀ ਨੂੰ ਤਪਦੇ ਕੜਾਹੇ ਵਿਚ ਉਬਲਦਿਆਂ, ਸਮਾਨ ਬਿਰਤ ਤੇ ਕਸ਼ਟ ਮਹਿਸੂਸ ਕਰਨੋਂ ਰਹਿਤ ਰੱਖਿਆ ? ਉਹ ਕਿਹੜੀ ਕ੍ਰਿਸ਼ਮੇ ਵਾਲੀ ਕਉਤਕ-ਕਲਾ ਹੈ ਜਿਸ ਨੇ ਕਿ ਅੰਗ ਅੰਗ

[ਬਾਕੀ ਸਫ਼ਾ ੭ ਦੇ ਹੇਠ]



www.AKJ.Org

# ਨਾਨਕ ਨਿਰੰਕਾਰੀ ਜੀ ਦੀ ਤਿਬਤ, ਚੀਨ, ਸਿਕਮ ਆਦਿ ਦੀ ਯਾਤਰਾ

[ਸ: ਬਲਬੀਰ ਸਿੰਘ, ਬਰਮਾ ਸਿਖ ਮਿਸ਼ਨਰੀ, ੫੧੨-ਸਿਖ ਟੈਂਪਲ ਰੋਡ, ਸੁਏਬੋ, ਬਰਮਾ]

ਜਗਤ ਗੁਰਦੇਵ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਅਖ਼ੀਰਲੀ ਚੋਥੀ ਉਦਾਸੀ ਸਮੇਂ ਹਿਮਾਲੀਆ ਦੇ ਨਾਲ ਲਗਦੇ ਦੇਸ਼ਾਂ ਵਿਚ ਵਿਚਰ ਕੇ ਸਿੱਖੀ ਦਾ ਸੰਦੇਸ਼ ਉਥੋਂ ਦੇ ਵਸਨੀਕਾਂ ਨੂੰ ਦਿੱਤਾ। ਕਈ ਔਕੜਾਂ ਦਾ ਸਾਹਮਣਾ ਕਰਦੇ ਹੋਏ ਗੁਰਦੇਵ ਜੀ ਪੰਜਾਬ ਤੋਂ ਬਾਹਰ ਤਕਰੀਬਨ ਤੀਹ ਦੇਸ਼ਾਂ ਵਿਚ ਵਿਚਰੇ, ਜਿਹਨਾਂ ਵਿਚ ਚੀਨ ਵੀ ਹੈ। ਭਾਈ ਵੀਰ ਸਿੰਘ ਜੀ ਅਨੁਸਾਰ ਗੁਰਦੇਵ ਜੀ ਕਸ਼ਮੀਰ ਵਿਚੋਂ ਤਿੱਬਤ ਤੇ ਚੀਨ ਗਏ ਸਨ। ਭਾਵੇਂ ਇਸ ਕਥਨ ਨਾਲ ਬਹੁਤੇ ਇਤਿਹਾਸਕਾਰ ਸਹਿਮਤ ਨਹੀਂ ਹਨ, ਪਰ ਇਸ ਦਾ ਸਬੂਤ ਸਾਨੂੰ ਓਦੋਂ ਮਿਲਿਆ ਜਦ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਨੇ ੧੯੫੩ ਵਿਚ ਪਹਿਲੀ ਵਾਰ ਚੀਨ ਦੀ ਯਾਤਰਾ ਕੀਤੀ ਸੀ। 'ਨਾਰਸ਼ਯ' (ਉੱਤਰੀ ਸਿਕੱਮ) ਵਿਚ ਇਕ ਪਹਾੜ ਉੱਤੇ ਚੀਨ ਦੀ ਸੀਮਾ ਉੱਤੇ, ਦੋ ਯਾਦਗਾਰਾਂ ਥੜ੍ਹਿਆਂ ਦੇ ਰੂਪ ਵਿਚ ਬਣੀਆਂ ਸਨ। ਜਿਥੇ ਉਰਲੇ ਪਾਸੇ ਨਹਿਰੂ ਦਾ ਹੈਲੀਕਾਪਟਰ ਅਤੇ ਬਾਰਡਰ ਦੇ ਦੂਸਰੇ ਪਾਸੇ ਚੀਨ ਦੇ ਪ੍ਰਧਾਨ ਮੰਤਰੀ ਚੂ-ਐਨ-ਲਾਈ ਦਾ ਹਵਾਈ ਜਹਾਜ਼ ਉਤਰਿਆ ਸੀ। ਉਸ ਨੇ ਪੰਡਤ ਨਹਿਰੂ ਨੂੰ ਇਥੇ ਮਿਲ ਕੇ ਅੱਗੇ ਆਪਣੇ ਚੀਨ ਮੁਲਕ ਵਿਚ ਖੜਿਆ ਸੀ। ਦੋਹਾਂ ਥੜ੍ਹਿਆਂ ਉੱਤੇ ਦੋਹਾਂ ਮੁਲਕਾਂ ਦੇ ਝੰਡੇ ਵੱਖੋ ਵੱਖ ਝੂਲੇ ਸਨ। ਨਹਿਰੂ ਨੂੰ ਚੀਨ ਦੀ ਰਾਜਧਾਨੀ ਪੀਕਿੰਗ (ਹੁਣ ਦਾ ਨਾਮ ਬੀਜਿੰਗ) ਵਿਚ ਹੋਏ ਪਬਲਿਕ ਜਲਸੇ ਵਿਚ ਚੂ-ਐਨ ਲਾਈ ਨੇ ਆਪਣੇ ਸਵਾਗਤੀ ਭਾਸ਼ਨ ਵਿਚ ਜ਼ਿਕਰ ਕੀਤਾ ਸੀ ਕਿ ਸਾਡੇ ਭਾਰਤ ਨਾਲ ਬਹੁਤ ਪੁਰਾਣੇ ਸਮੇਂ ਤੋਂ ਸਬੰਧ ਹਨ। ਅੱਜ ਤੋਂ ੪੫੦ ਸਾਲ ਪਹਿਲਾਂ ਭਾਰਤ ਦੇ ਮਹਾਨ ਸੰਤ ਗੁਰੂ ਨਾਨਕ ਦੇਵ ਜੀ ਸਾਡੇ ਚੀਨ ਦੇਸ਼ ਵਿਚ ਆਏ ਸਨ ਅਤੇ ਉਹਨਾਂ ਨੇ ਆਪਣੇ ਮਿਸ਼ਨ ਦਾ ਰੂਹਾਨੀ ਸੰਦੇਸ਼ ਸਾਡੀ ਜਨਤਾ ਨੂੰ ਦਿੱਤਾ ਸੀ। ਸਾਡੇ ਉਸ ਸਮੇਂ ਦੇ ਸਮਰਾਟ 'ਕੁੰਕਿਸਾਂਗ' ਨੇ ਉਹਨਾਂ ਦੀ ਯਾਦ ਵਿਚ ਆਪਣੇ ਸ਼ਹਿਰ ਦਾ ਨਾਮ 'ਨਾਨਕਿੰਗ' ਰਖਿਆ ਸੀ, ਜੋ ਉਸ ਸਮੇਂ ਦਾ ਰਾਜਧਾਨੀ-ਸ਼ਹਿਰ ਸੀ।

'ਨਾਨਕਿੰਗ' ਵਿਖੇ ਉਸ ਸਮੇਂ ਗੁਰਦੇਵ ਜੀ ਦੀ ਯਾਦ ਵਿਚ 'ਨਾਨਕ ਸਟੂਪਾ' (ਭਾਵ, ਨਾਨਕ ਮੰਦਰ) ਉਸਾਰਿਆ ਗਿਆ ਸੀ, ਪਰ ਉਹ ਅੱਜ ਹੈ ਜਾਂ ਨਹੀਂ, ਕੋਈ ਪਤਾ ਨਹੀਂ। ਗੁਰਦੇਵ ਜੀ ਚੀਨ ਤੋਂ ਵਾਪਸੀ ਤਿੱਬਤ ਭੂਟਾਨ ਦੇ ਰਸਤੇ ਆਏ ਸਨ। ਚੀਨ ਦੀ ਸੀਮਾ ਤੋਂ ਤਕਰੀਬਨ ਅੱਠ ਮੀਲ ਦੂਰ। ਤਿੱਬਤ ਤੇ ਭੂਟਾਨ ਦੀ ਸੀਮਾ ਦੇ ਨਜ਼ਦੀਕ ਇਕ ਕਸਬਾ ਭੂਤਨ' ਨਾਮ ਦਾ ਹੈ ਜਿਥੇ ਗੁਰੂ ਜੀ ਦੀ ਸਿੱਖੀ ਅੱਜ ਭੀ ਪ੍ਰਫੁਲਤ ਹੈ। ਉਸ ਕਸਬੇ ਦੀ ਅਬਾਦੀ ੧੪ ਹਜ਼ਾਰ ਹੈ। ਉਥੋਂ ਦੇ ਵਸਨੀਕ 'ਲਾਮੇ' ਸਾਰੇ ਹੀ ਕੇਸਾਧਾਰੀ ਹਨ। ਉਸ ਕਸਬੇ ਵਿਚ ਗੁਰਦੇਵ ਜੀ ਦੀ ਯਾਦਗਾਰ ਦਾ ਇਕ ਵੱਡਾ ਮੰਦਰ ਹੈ, ਜਿਸ ਨੂੰ ਲਾਮੇ ਲੋਕ 'ਨਾਨਕ ਸਟੂਪਾ' ਦੇ ਨਾਮ ਨਾਲ ਪੁਕਾਰਦੇ ਹਨ। ਉਸ ਮੰਦਰ ਵਿਚ ਗੁਰੂ ਜੀ ਦੀਆਂ ਯਾਦਗਾਰੀ ਵਸਤਾਂ ਹਨ। ਇਕ ਗੁਰੂ ਜੀ ਦਾ ਚੋਲਾ, ਇਕ ਤੂੰਬ (ਕਰਮੰਡਲ), ਇਕ ਚੋਬ੍ਹ ਜੋ ਬਰਫ ਉਤੇ ਚੱਲਣ ਸਮੇਂ ਸਹਾਇਕ ਹੁੰਦੀ ਹੈ ਅਤੇ ਗੁਰੂ ਜੀ ਦੇ ਖੜੋਤਿਆਂ ਦੀ ਛੇ ਫੁੱਟ ਉੱਚੀ ਇਕ ਸੋਨੇ ਰੰਗ ਦੀ ਤਸਵੀਰ ਹੈ ਜਿਸ ਵਿਚ ਬਾਲਾ ਅਤੇ ਮਰਦਾਨਾ ਗੁਰੂ ਜੀ ਦੇ ਸਜੇ ਅਤੇ ਖਬੇ ਪਾਸੇ ਬੈਠਿਆਂ ਦੇ ਰੂਪ ਵਿਚ ਦਿਖਾਈ ਦੇ ਰਹੇ ਹਨ। ਗੁਰੂ ਜੀ ਦੇ ਹੱਥ ਵਿਚ ਸਿਮਰਨੀ ਹੈ। ਦੋਵੇਂ ਸੇਵਕ ਗੁਰਦੇਵ ਪਿਤਾ ਜੀ ਦੇ ਦੋਹੀਂ ਪਾਸੀਂ ਬੈਠੇ ਹਨ। ਇਹ ਜਾਣਕਾਰੀ ਸਿੱਖ ਰੈਜੀਮੈਂਟ ਦੇ ਅਫਸਰ ਕਰਨਲ ਰਾਮ ਸਿੰਘ ਤੋਂ ਪ੍ਰਾਪਤ ਹੋਈ ਹੈ, ਜਦ ਤਿੱਬਤ ਵਿਚ ਸਾਡੇ ਦੇਸ਼ ਦੀ ਸੁਰਖਿਆ ਸਾਡੇ ਨਾਲ ਸੰਬੰਧਤ ਸੀ। ਓਦੋਂ ਕਰਨਲ ਰਾਮ ਸਿੰਘ ਦੀ ਫੌਜ ਉਥੇ ਸੀ। ਹੁਣ ੧੯੬੨ ਤੋਂ ਤਿੱਬਤ ਚੀਨ ਦੇ ਕਬਜ਼ੇ ਵਿਚ ਹੈ।

ਚੀਨ ਦੀ ਸੀਮਾ ਤੋਂ ਚਾਰ ਮੀਲ ਉਰਲੇ ਪਾਸੇ ਤਿੱਬਤ ਵਿਚ ਗੁਰਦੇਵ ਜੀ ਦਾ ਇਕ ਪਾਵਨ ਅਸਥਾਨ ਹੈ, ਜਿਥੇ ਤਿੰਨ ਮੀਲ ਰਕਬੇ ਵਿਚ ਇਕ ਵੱਡੀ ਭਾਰੀ ਝੀਲ ਹੈ। ਉਸ ਝੀਲ ਦਾ ਨਾਮ ਉਥੋਂ ਦੇ ਵਸਨੀਕਾਂ ਨੇ 'ਗੁਰੂ ਕਾਬਾ' (ਗੁਰੂ ਦਾ ਅੰਮ੍ਰਿਤ) ਗਿਸ਼ਮੀ ਲਾਮਾ (ਗੁਰੂ ਲਾਮਾ) ਭਾਵ, ਗੁਰੂ ਨਾਨਕ ਦੀ ਅੰਮ੍ਰਿਤ ਦੀ ਝੀਲ ਦੇ ਨਾਮ



www.AKJ.Org

ਨਾਲ ਯਾਦ ਕਰਦੇ ਹਨ। ਉਹ ਇਲਾਕਾ ਬੜਾ ਹੀ ਸਰਦ ਹੈ ਅਤੇ ੧੮੭੨੩ ਫੁੱਟ ਸਮੁੰਦਰ ਦੀ ਸਤਹ ਤੋਂ ਉੱਚਾ ਹੈ। ਗੁਰਦੇਵ ਜੀ ਦੇ ਉਥੇ ਪੁੱਜਣ ਤੇ ਝੀਲ ਦਾ ਪਾਣੀ ਸਾਰਾ ਸਰਦੀ ਵਿਚ ਜੰਮਿਆ ਪਿਆ ਸੀ। ਗੁਰਦੇਵ ਜੀ ਨੇ ਉਸ ਝੀਲ ਦੇ ਕਿਨਾਰੇ ਇਕ ਪੱਥਰ ਉਤੇ ਬੈਠ ਕੇ ਕੀਰਤਨ ਕੀਤਾ ਸੀ। ਉਥੋਂ ਦੇ ਵਸਨੀਕ ਦਸਦੇ ਹਨ ਕਿ ਗਿਸ਼ਮੀ ਲਾਮਾ (ਗੁਰੂ ਨਾਨਕ ਦੇਵ ਜੀ) ਨੇ ਜਦ ਨਾਦ ਗਾਵਿਆ ਤਾਂ ਆਵਾਜ਼ ਸੁਣ ਕੇ ਲਾਗ ਪਾਸ ਦੇ ਪਹਾੜਾਂ ਦੇ ਜੰਗਲਾਂ ਵਿਚੋਂ ਬਹੁਤ ਸਾਰੇ ਕਸਤੂਰੀ ਮਿਰਗ ਆ ਕੇ ਗੁਰੂ ਜੀ ਦਾ ਨਾਦ ਸੁਣਨ ਲੱਗੇ। ਉਸ ਇਲਾਕੇ ਵਿਚ ਇਸ ਨਸਲ ਦਾ ਮਿਰਗ ਆਮ ਮਿਲਦਾ ਹੈ, ਜਿਸ ਦੀ ਨਾਭੀ ਵਿਚੋਂ ਕਸਤੂਰੀ ਦਾ ਨਾਫਾ ਨਿਕਲਦਾ ਹੈ। ਸਿੱਕਮ ਦੇ ਮਹਾਰਾਜ ਦਾ ਸ਼ਾਹੀ ਫੁਰਮਾਨ ਹੈ ਕਿ ਝੀਲ ਦੇ ਆਸ ਪਾਸ ਕੋਈ ਭੀ ਮਿਰਗ ਨਹੀਂ ਮਾਰ ਸਕਦਾ।

ਜਦੋਂ ਸਥਾਨਕ ਲੋਕਾਂ ਨੂੰ ਪਤਾ ਲੱਗਾ ਕਿ ਝੀਲ ਤੇ ਨਾਦ ਹੋ ਰਿਹਾ ਹੈ ਤਾਂ ਲੋਕਾਈ ਝੀਲ ਵੱਲ ਭੱਜੀ ਆਈ। ਉਹਨਾਂ ਨੇ ਗੁਰੂ ਜੀ ਦੇ ਚਰਨ ਪਰਸੇ, ਡੰਡੌਤ ਕੀਤੀ ਅਤੇ ਹੱਥ ਜੋੜ ਕੇ ਬੇਨਤੀ ਕੀਤੀ–"ਹੇ ਗਿਸ਼ਮੀ ਲਾਮਾ, ਝੀਲ ਸਰਦੀ ਵਿਚ ਜੰਮ ਜਾਂਦੀ ਹੈ ਤੇ ਸਾਨੂੰ ਪੀਣ ਨੂੰ ਸਰਦੀ ਵਿਚ ਪਾਣੀ ਨਹੀਂ ਮਿਲਦਾ, ਜਿਸ ਕਰਕੇ ਸਾਨੂੰ ਸਰਦੀ ਵਿਚ ਆਪਣੇ ਘਰ ਘਾਟ ਇਥੇ ਛੱਡ ਕੇ ਪਹਾੜਾਂ ਹੇਠ ਚਲੇ ਜਾਣਾ ਪੈਂਦਾ ਹੈ। ਸਾਨੂੰ ਪਾਣੀ ਬਖਸ਼ੋ।" ਦਯਾ-ਨਿਧ ਸਾਗਰ ਨੇ ਆਪਣੇ ਹੱਥ ਦੀ ਮਾਲਾ ਤੋੜ ਕੇ ਉਸ ਦੇ ਮਣਕੇ ਝੀਲ ਵਾਲੀ ਬਰਫ ਜੰਮੀ ਜਗ੍ਹਾ ਉਤੇ ਸੁੱਟ ਦਿੱਤੇ। ਉਸ ਝੀਲ ਦਾ ਪਾਣੀ ਪਿਘਲ ਗਿਆ ਅਤੇ ਮੁੜ ਕਦੇ ਨਹੀਂ ਜੰਮਿਆ। ਅੱਜ ਤਕ ਸਦਾ ਪਿਘਲਿਆ ਰਹਿੰਦਾ ਹੈ, ਜਦ ਕਿ ਆਸ ਪਾਸ ਸਰਦੀਆਂ ਨੂੰ ਬਰਫ ਜੰਮ ਜਾਂਦੀ ਹੈ। ਮਣਕੇ ਜੋ ਫੁੱਲ ਕੇ ਛੋਟੇ ਕੁੱਜਿਆਂ ਦੀ ਸੂਰਤ ਦੇ ਹੋ ਗਏ ਹਨ, ਅੱਜ ਤਕ ਉਸ ਝੀਲ ਵਿਚ ਤਰਦੇ ਫਿਰਦੇ ਦਿਖਾਈ ਦਿੰਦੇ ਹਨ। ਉਪਰਲੇ ਕਿਨਾਰੇ ਤੋਂ ਝੀਲ ੧੬ ਫੁੱਟ ਗਹਿਰਾ ਕੁੰਡ ਹੈ। ਉਸ ਦਿਨ ਤੋਂ ਉਥੋਂ ਦੇ ਵਸਨੀਕ ਉਸ ਝੀਲ ਨੂੰ 'ਗੁਰੂ ਕਾਂਬਾ ਅੰਮ੍ਰਿਤ' ਕਰਕੇ ਮੰਨਦੇ ਹਨ ਅਤੇ ਅੱਜ ਤਕ ਆਨੰਦ ਮਾਣਦੇ ਹਨ। ਉਹ ਇਹ ਭੀ ਦਸਦੇ ਹਨ ਕਿ "ਅਸੀਂ ਬੀਮਾਰ ਆਦਮੀ ਨੂੰ ਕੇਵਲ ਇਸ ਝੀਲ ਦਾ ਅੰਮ੍ਰਿਤ ਹੀ ਪਿਆਉਂਦੇ ਹਾਂ, ਹੋਰ ਕੋਈ ਦਵਾਈ ਨਾ ਇਥੇ ਮਿਲਦੀ ਹੈ ਤੇ ਨਾ ਅਸੀਂ ਦਿੰਦੇ ਹਾਂ। 'ਗਿਸ਼ਮੀ ਲਾਮਾ' ਸਾਨੂੰ ਇਹ ਭੀ ਬਚਨ ਦੇ ਗਏ ਹਨ ਕਿ ਕਿਸੇ ਦੇ ਘਰ ਔਲਾਦ ਨਹੀਂ ਹੁੰਦੀ, ਉਸ ਇਸਤ੍ਰੀ ਨੂੰ ਇਸ ਝੀਲ ਦਾ ਅੰਮ੍ਰਿਤ ਪਿਆਉਣ ਨਾਲ ਉਸਦੀ ਗੋਦ ਹਰੀ ਭਰੀ ਹੋ ਜਾਵੇਗੀ। ਅਸੀਂ ਇਹ ਭੀ ਅਜ਼ਮਾ ਕੇ ਦੇਖਿਆ ਹੈ, ਜੋ ਬਿਲਕੁਲ ਸਹੀ ਹੈ।" ਭਾਵੇਂ ਉਕਤ ਧਾਰਨਾ ਗੁਰਮਤਿ ਆਸ਼ੇ ਨਾਲ ਬਹੁਤਾ ਮੇਲ ਨਹੀਂ ਖਾਂਦੀ ਫਿਰ ਵੀ ਇਸ ਕਥਾ ਪਿੱਛੇ ਕੁਝ ਡੂੰਘੇ ਅਰਥ ਵੀ ਹਨ। ਦੂਰ ਦੂਰ ਤੋਂ ਲੋਕੀਂ ਕਸ਼ਟ ਝਲ ਕੇ ਤਿੱਬਤ ਦਾ ਬਾਰਡਰ ਟੱਪ ਕੇ ਇਸ ਝੀਲ ਦਾ ਅੰਮ੍ਰਿਤ ਲੈਣ ਆਉਂਦੇ ਹਨ। ਨਿਪਾਲ, ਸਿਕਮ, ਭੂਟਾਨ ਦੇ ਯਾਤਰੂ ਤਾਂ ਆਮ ਪੁਜਦੇ ਰਹਿੰਦੇ ਹਨ। ਜਿਸ ਵੱਡੇ ਪੱਥਰ ਉਤੇ ਗੁਰਦੇਵ ਜੀ ਨੇ ਬੈਠ ਕੇ ਨਾਦ ਗਾਵਿਆ ਸੀ ਉਸ ਪੱਥਰ ਦੇ ਉੱਪਰ ਅਤੇ ਆਸ ਪਾਸ ਅੰਦਾਜ਼ਨ ਪੰਦਰਾਂ ਵੀਹ ਹਜ਼ਾਰ ਦੀ ਗਿਣਤੀ ਵਿਚ ਸਿੱਕੇ ਦੇ ਰੂਪ ਵਿਚ ਚੜ੍ਹਾਵਾ ਬਹੁਤ ਪੁਰਾਣੇ ਸਮੇਂ ਦਾ ਚੜ੍ਹਿਆ ਪਿਆ ਹੈ। ਉਹ ਅੱਜ ਤਕ ਕਿਸੇ ਨਹੀਂ ਚੁੱਕਿਆ। ਯਾਤਰੂ ਅਜੇ ਭੀ ਅਟੁੱਟ ਸ਼ਰਧਾ ਨਾਲ ਚੜ੍ਹਾਵਾ ਚੜ੍ਹਾਈ ਜਾਂਦੇ ਹਨ। ਹਰ ਸਾਲ ਜੂਨ-ਜੁਲਾਈ ਵਿਚ ਭਾਰੀ ਮੇਲਾ ਉਥੇ ਲੱਗਦਾ ਹੈ ਤੇ ਚਾਲੀ ਪੰਜਾਹ ਹਜ਼ਾਰ ਯਾਤਰੂ ਇਕੱਤਰ ਹੁੰਦੇ ਹਨ।

ਉਪਰੰਤ ਗੁਰੂ ਜੀ 'ਗੁਰੂ ਕਾਂਬਾ' ਤੋਂ ਚਲ ਕੇ ਹੇਠਾਂ ਨੂੰ ਤਿਸਤਾ ਨਦੀ ਦੇ ਕਿਨਾਰੇ ਕਿਨਾਰੇ ਬੰਗਾਲ ਵਲ ਆਏ। ਇਹ ਗੁਰੂ ਕਾਂਬਾ ਅਸਥਾਨ ਪੱਛਮੀ ਬੰਗਾਲ ਦੇ ਅਖੀਰੀ ਰੇਲਵੇ ਸਟੇਸ਼ਨ ਸਿਲੀਗੁੜੀ ਤੋਂ ੬੦੦ ਕਿਲੋਮੀਟਰ ਦੂਰ ਉੱਤਰ ਵੱਲ ਹੈ ਅਤੇ ਚੀਨ ਦੀ ਸੀਮਾ ਤੋਂ ਕੇਵਲ ਪੰਜ ਮੀਲ ਉਰਲੇ ਪਾਸੇ ਹੈ। ਉਸ ਅਸਥਾਨ ਤੋਂ ਗੁਰੂ ਜੀ ੩੬੦ ਕਿਲੋਮੀਟਰ ਹੇਠਾਂ ਨੂੰ ਚਲ ਕੇ ਸਿੱਕਮ ਸਟੇਟ ਦੇ ਜੁਗਬਾਂਗ (Jugbang) ਪੁੱਜੇ, ਜਿਥੇ ਇਕ ਗਰਮ ਪਾਣੀ ਦਾ ਚਸ਼ਮਾ ਹੈ। ਉਥੇ ਭੀ ਗੁਰੂ ਜੀ ਦੀ ਯਾਦਗਾਰ ਇਸ ਪ੍ਰਕਾਰ ਬਣਾਈ ਹੋਈ ਹੈ–ਇਕ ਮੰਦਰ ਅੰਦਰ ਗੁਰੂ ਜੀ ਦੀ ੯ ਇੰਚ ਆਕਾਰ ਦੀ ਸੋਨੇ ਦੀ ਮੂਰਤੀ ਰੱਖੀ ਹੋਈ ਹੈ ਜਿਸ ਨੂੰ ਲਾਮੇ ਪੂਜਦੇ ਹਨ, ਪੁਜਾਰੀ ਵੀ ਇਕ ਲਾਮਾ ਹੈ। ਉਥੋਂ ਚਲ ਕੇ ਗੁਰੂ ਜੀ ਚੁੰਗਯਾਂਗ ਪੁੱਜੇ। ਇਥੇ ਤਿਸਤਾ ਨਦੀ ਦੀਆਂ ਦੋ ਸ਼ਾਖਾਂ ਹੋ ਜਾਂਦੀਆਂ ਹਨ। ਤਿੰਨ



www.AKJ.Org

ਪਹਾੜਾਂ ਵਿਚ ਘਿਰਿਆ ਪੰਜ ਛੇ ਏਕੜ ਦਾ ਮੈਦਾਨ ਹੈ, ਜਿਥੇ ਗੁਰੂ ਜੀ ਇਕ ਪੱਥਰ ਉੱਤੇ ਆ ਕੇ ਬੈਠੇ ਸਨ ਤੇ ਕੀਰਤਨ ਕੀਤਾ ਸੀ ਅਤੇ ਕੋਧਰੇ ਦਾ ਪਰਸ਼ਾਦ ਸਥਾਨਕ ਲਾਮਿਆਂ ਛਕਾਇਆ ਸੀ। ਇਸ ਸਥਾਨ ਨਾਲ ਸੰਬੰਧਤ ਵੀ ਇਕ ਲੋਕ-ਧਾਰਨਾ ਹੈ ਕਿ ਇਥੇ ਲੋਕਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਸੀ ਕਿ "ਮਹਾਰਾਜ ਇਸ ਇਲਾਕੇ ਵਿਚ ਜ਼ਿਆਦਾ ਸਰਦੀ ਕਰਕੇ ਚਾਵਲ ਬਿਲਕੁਲ ਨਹੀਂ ਹੁੰਦੇ।" ਗੁਰੂ ਜੀ ਨੇ ਆਪਣੇ ਸੀਤ ਪ੍ਰਸ਼ਾਦ ਦਾ ਛੱਟਾ ਉਸ ਪੱਥਰ ਦੇ ਚੁਫੇਰੇ ਦਿੱਤਾ ਅਤੇ ਬਚਨ ਕੀਤਾ, ਅਗੋਂ ਤੋਂ ਤੁਹਾਨੂੰ ਚਾਵਲ ਮਿਲਿਆ ਕਰਨਗੇ। ਗੁਰੂ ਜੀ ਦੇ ਬਚਨ ਅਨੁਸਾਰ ਉਸ ਛੱਟੇ ਦਿੱਤੇ ਇਲਾਕੇ ਵਿਚ ਕਈ ਮੀਲਾਂ ਤਕ ਦੂਰ ਉਸ ਸਮੇਂ ਤੋਂ ਅੱਜ ਤਕ ਬੇਅੰਤ ਚਾਵਲ ਹੁੰਦੇ ਹਨ, ਜਦ ਕਿ ਹੋਰ ਕਿਧਰੇ ਨਹੀਂ ਹੁੰਦੇ।

ਉਥੇ ਇਕ ਖੂੰਡੀ ਦੀ ਸ਼ਕਲ ਦਾ ਦਰੱਖ਼ਤ ਹੈ, ਜਿਸ ਬਾਰੇ ਲੋਕ-ਨਿਸਚਾ ਹੈ ਕਿ ਗੁਰੂ ਜੀ ਜਦ ਉਥੇ ਪੁਜੇ ਸਨ ਤਾਂ ਉਹਨਾਂ ਦੇ ਹੱਥ ਵਿਚ ਇਕ ਖੂੰਡੀ ਸੀ, ਜਿਸ ਨੂੰ ਗੁਰੂ ਜੀ ਨੇ ਜ਼ਮੀਨ ਵਿਚ ਗੱਡ ਦਿੱਤਾ ਸੀ ਤੇ ਉਹ ਬਾਅਦ ਵਿਚ ਹਰਿਆ ਭਰਿਆ ਬ੍ਰਿਛ ਹੋ ਗਿਆ, ਜੋ ਅੱਜ ਵੀ ਮੌਜੂਦ ਹੈ। ਉਹ ਸਥਾਨ 'ਬਾਬੇ ਦੀ ਖੂੰਡੀ' ਦੇ ਨਾਮ ਤੋਂ ਪ੍ਰਸਿੱਧ ਹੈ। ਜਿਸ ਪੱਥਰ ਉਤੇ ਗੁਰੂ ਜੀ ਬੈਠੇ ਸਨ, ਉਸ ਉੱਤੇ ਗੁਰੂ ਜੀ ਦੇ ਪੈਰਾਂ ਦੇ ਤਿੰਨ ਜਗ੍ਹਾ ਚਿੰਨ੍ਹ ਹਨ, ਜਿਸ ਨੂੰ ਲੋਕ ਬੜੀ ਸ਼ਰਧਾ ਨਾਲ ਪੂਜਦੇ ਹਨ। ਉਸ ਪੱਥਰ ਦੇ ਹੇਠਾਂ ਇਕ ਗੁਫਾ ਹੈ, ਜਿਸ ਵਿਚ ਗੁਰੂ ਜੀ ਦਾ ਇਕ ਚੋਲਾ, ਇਕ ਪੋਥੀ ਤੇ ਕੁਝ ਸੋਨੇ ਦੀਆਂ ਵਸਤਾਂ ਭੀ ਹਨ। ਅੱਜ ਤੋਂ ਸੌ ਸਾਲ ਪਹਿਲਾਂ ਉਥੋਂ ਦਾ ਰਾਜਾ 'ਚੁਗਾਲ' ਜੋ ਗੁਰੂ ਜੀ ਦਾ ਸ਼ਰਧਾਲੂ ਸੀ, ਨੇ ਦੂਰ-ਅੰਦੇਸ਼ੀ ਨਾਲ ਗੁਰੂ ਜੀ ਦੀਆਂ ਸਾਰੀਆਂ ਵਸਤੂਆਂ ਗੁਫਾ ਅੰਦਰ ਰੱਖ ਕੇ ਉਸ ਦਾ ਦਰਵਾਜ਼ਾ ਸਦਾ ਲਈ ਬੰਦ ਕਰ ਦਿੱਤਾ ਸੀ। ਜਦ ਅੰਗਰੇਜ਼ਾਂ ਨੇ ਸਿਕਮ ਫਤਹ ਕੀਤਾ ਸੀ, ਉਸ ਵਕਤ ਸਿੱਖ ਫੌਜੀਆਂ ਉਸ ਅਸਥਾਨ ਉੱਤੇ ਡੇਰਾ ਕਰਕੇ ਗੁਰਦੁਆਰਾ ਬਨਾਉਣਾ ਆਰੰਭ ਕੀਤਾ। ਰੋਜ਼ ਦੀਵਾਨ ਸਜਾਉਂਦੇ, ਕੜਾਹ ਪ੍ਰਸ਼ਾਦ ਕਰਦੇ ਅਤੇ ਗੁਰੂ ਜੀ ਦੀਆਂ ਵਸਤੂਆਂ ਨੂੰ ਧੂਫ ਦਿੰਦੇ। ਫੌਜੀ ਗੁਰੂ ਜੀ ਦੀਆਂ ਵਸਤੂਆਂ ਨਾ ਲੈ ਜਾਣ ਦੇ ਸ਼ੰਕੇ ਕਾਰਨ ਰਾਜੇ 'ਚੁਗਾਲ' ਨੇ ਵਸਤੂਆਂ ਬੰਦ ਕਰ ਦਿੱਤੀਆਂ ਜੋ ਅੱਜ ਤਕ ਭੀ ਹਨ। ਜਿਸ ਪੱਥਰ ਨਾਲ ਗੁਫਾ ਬੰਦ ਕੀਤੀ ਹੈ, ਉਸ ਉੱਤੇ : ੧ਓ : ਦਾ ਚਿੰਨ੍ਹ ਭੀ ਹੈ। ਉਸ ਗੁਫਾ ਦੇ ਹੇਠ ਇਕ ਚਸ਼ਮਾ ਹੈ, ਜਿਸ ਦਾ ਜਲ ਹਮੇਸ਼ਾ ਬਾਹਰ ਸਿੰਮਦਾ ਰਹਿੰਦਾ ਹੈ। ਗੁਰੂ ਜੀ ਦੀ ਯਾਦ ਵਿਚ ਉਸ ਪੱਥਰ ਪਾਸ ਇਕ ਮੰਦਰ ੧੯੬੦ ਵਿਚ ਨਿਰਮਾਣ ਕੀਤਾ ਗਿਆ, ਜਿਸ ਵਿਚ ਗੁਰੂ ਜੀ ਦੀਆਂ ਤਸਵੀਰਾਂ ਅੱਜ ਭੀ ਹਾਜ਼ਰ ਹਨ। ਇਕ ਗੁਰੂ ਜੀ ਦੀ ਤਸਵੀਰ ਲਾਮਾ ਦੇ ਰੂਪ ਵਿਚ ਹੈ। ਗੁਰੂ ਨਾਨਕ ਜੀ ਦੇ ਸਮੇਂ ਤੋਂ ਉਸ ਪੱਥਰ ਉੱਤੇ ਗਊ ਦੇ ਦੇਸੀ ਘਿਓ ਦੀ ਅਖੰਡ ਜੋਤ ਸਦਾ ਜਗਦੀ ਆਉਂਦੀ ਹੈ, ਜੋ ਮੰਦਰ ਬਣਨ ਤੋਂ ਮੰਦਰ ਅੰਦਰ ਜਗਦੀ ਰਹਿੰਦੀ ਹੈ। ਲੋਕ ਦੂਰੋਂ ਦੂਰੋਂ ਕਸ਼ਟ ਉਠਾ ਕੇ ਗੋਕਾ ਘਿਓ ਜੋਤ ਲਈ ਆ ਕੇ ਦਾਨ ਕਰਦੇ ਤੇ ਬਾਬੇ ਨਾਨਕ ਦਾ ਜੱਸ ਗਾਉਂਦੇ ਹਨ।

ਸੰਨ ੧੯੭੫ ਵਿਚ ਤਿੰਨ ਨੰਬਰ ਸਿੱਖ ਲਾਈਟ ਇਨਫੈਂਟਰੀ ਉਥੇ ਪੁੱਜੀ ਸੀ, ਜਿਸ ਦੇ ਫੌਜੀਆਂ ਨੇ ਪੈਂਤੀ ਫੁੱਟ ਉੱਚਾ ਨਿਸ਼ਾਨ ਸਾਹਿਬ ਝੁਲਾਇਆ, ਜੋ ਅੱਜ ਭੀ ਕਾਇਮ ਹੈ ਅਤੇ ਉਸਦਾ ਚੋਲਾ ਹਰ ਸਾਲ ਵਿਸਾਖੀ ਨੂੰ ਬਦਲਦੇ ਹਨ। ਉਸ ਸਥਾਨ ਦੀ ਯਾਤਰਾ ਲਈ ਇਲਾਕੇ ਦੇ ਲਾਮਾ ਲੋਕ ਬੜੀ ਸ਼ਰਧਾ ਨਾਲ ਆ ਕੇ ਗੁਰੂ ਜੀ ਦੇ ਚਰਨਾਂ ਦੇ ਚਿੰਨ੍ਹਾਂ ਦੀ ਪੂਜਾ ਕਰਦੇ, ਡੰਡੌਤ ਕਰਦੇ, ਭਜਨ ਗਾਉਂਦੇ, ਫੂਲ ਚੜ੍ਹਾਉਂਦੇ ਤੇ ਪਰਕਰਮਾ ਕਰਦੇ ਹਨ। ਉਸ ਅਸਥਾਨ ਤੋਂ ਕੇਵਲ ਡੇਢ ਮੀਲ ਤੇ ਪੈਗਾਂਗ ਸ਼ਹਿਰ ਹੈ, ਜਿਥੇ ਫੌਜ ਦਾ ਹੈਡਕੁਆਰਟਰ ਹੈ।

੧੯੭੭ ਵਿਚ ਅਸਾਮ ਰਾਈਫ਼ਲ ਪੈਗਾਂਗ ਦੀ ਅਗਵਾਈ ਹੇਠ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਪੁਰਬ ਬੜੀ ਧੂਮਧਾਮ ਨਾਲ ਮਨਾਇਆ ਗਿਆ ਸੀ। ਛੇ ਸੌ ਮਿਲਟਰੀ ਦੇ ਅਫਸਰ ਤੇ ਜਵਾਨ ਹਾਜ਼ਰ ਹੋਏ। ਕਈ ਹਜ਼ਾਰਾਂ ਦੀ ਗਿਣਤੀ ਵਿਚ ਸਥਾਨਕ ਲੋਕ ਭੀ ਸ਼ਾਮਲ ਹੋਏ। ਗੁਰੂ ਕਾ ਲੰਗਰ ਅਤੁਟ ਵਰਤਿਆ। ਉਥੋਂ ਦੇ ਇਕ ਅਫਸਰ (ਮਾਸਟਰ) ਨੇ ਤਿਬਤੀ ਭਾਸ਼ਾ ਵਿਚ ਡੇਢ ਘੰਟਾ ਗੁਰੂ ਜੀ ਦੇ ਆਗਮਨ ਬਾਰੇ ਭਾਸ਼ਨ ਦਿਤਾ, ਜਿਸ ਤੋਂ ਲੋਕਾਈ ਬੜੀ ਪ੍ਰਭਾਵਿਤ ਹੋਈ। ਇਕੱਤਰ ਹੋਈ ਸਾਰੀ ਸੰਗਤ ਨੇ ਗੁਰਮਤਾ ਪਾਸ ਕੀਤਾ ਕਿ ਗੁਰੂ ਜੀ ਦੀ ਯਾਦ ਵਿਚ ਉਸ ਜਗ੍ਹਾ ਇਕ ਗੁਰਦੁਆਰਾ ਕਾਇਮ ਕੀਤਾ ਜਾਵੇ। ਗੁਰਦੁਆਰੇ ਦੀ ਸਥਾਪਨਾ ਵਾਸਤੇ ਉਥੋਂ ਦੇ



www.AKJ.Org

ਐਮ. ਐਲ. ਏ. ਸ੍ਰੀ ਤਾਸ਼ਾ ਤੈਂਗੇ ਲੈਪਹਾ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਨਿਯੁਕਤ ਕੀਤੀ ਗਈ। ਗੁਰੂ ਜੀ ਦੇ ਪੱਥਰ ਦੇ ਨਾਲ ਇਕ ਕਨਾਲ ਜ਼ਮੀਨ ਗੁਰਦੁਆਰੇ ਵਾਸਤੇ ਅਤੇ ਇਕ ਕਨਾਲ ਰਸਤੇ ਵਾਸਤੇ ਸ਼ਰੋਮਣੀ ਗੁ: ਪ੍ਰ: ਕਮੇਟੀ ਦੀ ਭੇਜੀ ਪੰਜਾਹ ਹਜ਼ਾਰ ਦੀ ਰਕਮ ਵਿਚੋਂ ਖਰੀਦੀ ਗਈ ਅਤੇ ਗੁਰਦੁਆਰੇ ਦੀ ਇਮਾਰਤ ਬਣਨੀ ਸ਼ੁਰੂ ਹੋ ਗਈ। ਉਸ ਅਸਥਾਨ ਤੇ ਪੁਜਣ ਲਈ ਰਸਤਾ ਇਸ ਪਰਕਾਰ ਹੈ : ਪੱਛਮੀ ਬੰਗਾਲ ਦੇ ਸਿਲੀਗੁੜੀ ਰੇਲਵੇ ਸਟੇਸ਼ਨ ਤੋਂ ਉਤਰ ਕੇ ਦਾਰਜੀਲਿੰਗ ਰਾਹੀਂ ਗੰਗਟੋਕ ਅਤੇ ਇਕ ਸੌ ਮੀਲ ਦਾ ਸਫਰ ਸੜਕ ਰਾਹੀਂ ਬੱਸਾਂ ਉਤੇ ਕਰਕੇ ਪੁਜਣਾ ਪੈਂਦਾ ਹੈ। ਗੰਗਟੋਕ ਤੋਂ ਸਿਕਮ ਦਾ ਪਾਸਪੋਰਟ ਬਣਵਾ ਕੇ ਅਗੇ ਪੈਗਾਂਗ ਮਿਲਟਰੀ ਹੈਡਕੁਆਰਟਰ ਪੁਜਣਾ ਪੈਂਦਾ ਹੈ। ਓਥੋਂ ਚੁੰਗਥਾਂਗੀ ਸਿਰਫ ਡੇਢ ਮੀਲ ਦੂਰ ਹੈ, ਜਿਥੇ ਇਹ ਅਸਥਾਨ ਹੈ। ਸਾਲ ਵਿਚ ਸਥਾਨਕ ਤਿੰਨ ਯਾਤਰਾ ਭਰਦੀਆਂ ਹਨ। ਤਕਰੀਬਨ ਚਾਲੀ ਪੰਜਾਹ ਹਜ਼ਾਰ ਯਾਤਰੂ ਸਾਲ ਵਿਚ ਉਥੇ ਪੁਜਦੇ ਹਨ ਅਤੇ ਆਪਣੇ ਨਾਲ ਗੁਰੂ ਜੀ ਦੀ ਅਖੰਡ ਜੋਤ ਲਈ ਘਿਓ ਵੀ ਲੈ ਜਾਂਦੇ ਹਨ। ਗੁਰੂ ਜੀ ਦੇ ਚਰਨਾਂ ਦੇ ਚਿੰਨ੍ਹਾਂ ਉਤੇ ਫੁਲ ਮਾਲਾ ਚਾੜ੍ਹਦੇ, ਧੂਫ ਧੁਖਾਉਂਦੇ, ਜੋਤ ਜਗਾਉਂਦੇ ਤੇ ਜੈ ਬੁਲਾਉਂਦੇ ਹਨ। ਇਸ ਇਲਾਕੇ ਦੇ ਲਾਮੇ ਕੇਸਾਧਾਰੀ ਹਨ।

ਉਥੋਂ ਦੇ ਰੇਂਜਰ ਜੰਗਲਾਤ, ਜੋ ਗੁਰਦੁਆਰਾ ਕਮੇਟੀ ਦੇ ਮੈਂਬਰ ਭੀ ਹਨ, ਨੇ ਬਹੁਤ ਕੀਮਤੀ ਲੱਕੜ ਦਰਵਾਜ਼ੇ ਦੀਆਂ ਚੋਖਟਾਂ ਆਦਿ ਲਈ ਅਰਦਾਸ ਕਰਵਾਈ। ਗੁਰਦੁਆਰਾ ਕਮੇਟੀ ਨੇ ੩੩ ਹਜ਼ਾਰ ਰੁਪਏ ਦਾ ਐਸਟੀਮੇਟ ਬਣਵਾਇਆ ਹੈ। ਪ੍ਰੰਤੂ ਸ: ਮਨਮੋਹਨ ਸਿੰਘ ਜੀ ਗੁਜਰਾਲ, ਚੀਫ ਜਸਟਿਸ ਹਾਈਕੋਰਟ ਸਿਕਮ ਸਟੇਟ, ਜੋ ਚੰਡੀਗੜ੍ਹ ਤੋਂ ਗਏ ਸਨ, ਨੇ ਆਖਿਆ ਕਿ ਘਟੋ ਘਟ ਉਸ ਗੁਰਦੁਆਰੇ ਉਤੇ ਦੋ ਤਿੰਨ ਲੱਖ ਲਗਾਵਾਂਗੇ, ਕਿਉਂਕਿ ਉਹ ਸਾਰੀ ਸਿਕਮ ਸਟੇਟ ਦਾ ਤੀਰਥ ਅਸਥਾਨ ਹੈ। ਇਕ ਲੱਖ ਰੁਪਿਆ ਉਹਨਾਂ ਆਪ ਦੇਣਾ ਮੰਨਿਆ। ਉਹ ਅਸਥਾਨ ਸਰਕਾਰੀ ਰਿਕਾਰਡ ਵਿਚ 'ਗੁਰੂ ਨਾਨਕ ਗਿਛਮੀ ਲਾਮੇ' ਦੇ ਨਾਮ ਉਤੇ ਦਰਜ ਹੈ। ਰਾਜਾ ਚੁਗਾਲ ਵਲੋਂ ਕੁਝ ਰਸਦ ਭੀ ਨੀਯਤ ਹੈ। ਸ: ਗੁਰਦੀਪ ਸਿੰਘ ਸੈਸ਼ਨ ਜੱਜ ਸਿਕਮ ਸਟੇਟ ਗੰਗਟੋਕ ਨੇ ੪੦ ਹਜ਼ਾਰ ਰੁਪਿਆ ਉਸ ਗੁਰਦੁਆਰੇ ਲਈ ਦੇਣਾ ਮੰਨਿਆ ਹੈ। ਸਥਾਨਕ ਲੋਕ ਭੀ ਬਹੁਤ ਦਾਨ ਦੇ ਰਹੇ ਹਨ ਅਤੇ ਮਿਲਟਰੀ ਦੇ ਸਿੰਘ ਭੀ ਬਹੁਤ ਸ਼ਰਧਾ ਸਹਿਤ ਮਦਦ ਦੇ ਰਹੇ ਹਨ।

ਸਾਡੇ ਪੰਥ ਦੇ ਲੀਡਰ ਟਾਹਰਾਂ ਤਾਂ ਬਹੁਤ ਮਾਰ ਲੈਂਦੇ ਹਨ, ਪਰ ਗੁਰੂ ਨਾਨਕ ਦੇਵ ਜੀ ਦੇ ਆਪਣੇ ਹੱਥੀਂ ਲਾਈ ਜੋਤ ਕਿਸ ਤਰ੍ਹਾਂ ਨਜ਼ਰੋਂ ਉਹਲੇ ਕੀਤੀ ਹੋਈ ਹੈ। ਉਸ ਸਿਕਮ ਭੂਟਾਨ ਤੇ ਲਾਗਲੇ ਇਲਾਕਿਆਂ ਵਿਚ ਜੇਕਰ ਗੁਰੂ ਜੀ ਦੀ ਜੋਤ ਦਾ ਪਰਚਾਰ ਹੁੰਦਾ ਤਾਂ ਅਸੀਂ ਸਿਖ, ਛਿਆਨਵੇਂ ਕਰੋੜ ਬਾਜਾਂ ਵਾਲੇ ਦੇ ਬਚਨ ਦੀ ਪੂਰਤੀ ਦੇ ਨੇੜੇ ਪੁਜੇ ਹੁੰਦੇ। ਪਰ ਅਸੀਂ ਤਾਂ ਮਹਾਂਰਾਸ਼ਟਰਾ ਸਟੇਟ ਦੇ ਸਿਕਲੀਗਰਾਂ ਨੂੰ ਵੀ ਵਿਸਾਰ ਛੱਡਿਆ ਤੇ ਆਸਾਮ ਦੇ ਸ਼ਡੂਲ ਕਾਸਟਸ ਵੀ ਸਿੱਖੀ ਪ੍ਰਚਾਰ ਖੁਣੋਂ ਇਸਾਈ ਬਣ ਗਏ।

ਇਹਨਾਂ ਅਸਥਾਨਾਂ ਉਤੇ ਪੁਜਣ ਦਾ ਰਸਤਾ ਇਸ ਪ੍ਰਕਾਰ ਹੈ :

ਭਾਰਤ ਦੀ, ਪਛਮੀ ਬੰਗਾਲ ਸਟੇਸ਼ਨ ਦੇ ਉਤਰ ਵਿਚ ਸਿਲੀਗੁੜੀ ਨਾਮ ਦਾ ਇਕ ਨਾਰਥ ਈਸਟਰਨ ਰੇਲਵੇ ਦਾ ਜੰਕਸ਼ਨ ਸਟੇਸ਼ਨ ਹੈ, ਜਿਥੋਂ ਰੇਲ ਤੋਂ ਉਤਰ ਕੇ ੫੦ ਕਿਲੋਮੀਟਰ ਉਤਰ ਵਲ ਦਾਰਜੀਲਿੰਗ ਸ਼ਹਿਰ ਮਨਮੋਹਣੀਆਂ ਰਮਣੀਕ ਕੁਦਰਤੀ ਸੁੰਦਰਤਾ ਦੀਆਂ ਸ਼ਿੰਗਾਰੀਆਂ ਹੋਈਆਂ ਪਹਾੜੀਆਂ ਦੀ ਇਕ ਭਾਰੀ ਵਾਦੀ ਹੈ। ਸਿਲੀਗੁੜੀ ਤੋਂ ਦਾਰਜੀਲਿੰਗ ਰੇਲ ਅਤੇ ਮੋਟਰ ਰਾਹੀਂ ਜਾ ਸਕੀਦਾ ਹੈ। ਦਾਰਜੀਲਿੰਗ ਤੋਂ ਉਤਰ ਵਲ ਸਿਕਮ ਸਟੇਟ ਦੀ ਸੀਮਾ ਪਾਰ ਕਰਕੇ ਸਿਕਮ ਸਟੇਟ ਦੀ ਰਾਜਧਾਨੀ ਸ਼ਹਿਰ ਗੰਗਟੋਕ ੪੫ ਕਿਲੋਮੀਟਰ ਹੈ, ਜਿਥੇ ਸਿਰਫ ਸੜਕ ਰਾਹੀਂ ਹੀ ਪੁਜ ਸਕੀਦਾ ਹੈ। ਗੰਗਟੋਕ ਤੋਂ ਸਿਕਮ ਸਟੇਟ ਦਾ ਪਾਸਪੋਰਟ ਬਣਾਉਣਾ ਪੈਂਦਾ ਹੈ, ਤਦ ਹੀ ਉਸ ਸਟੇਟ ਵਿਚ ਸਫਰ ਕੀਤਾ ਜਾ ਸਕਦਾ ਹੈ। ਗੰਗਟੋਕ ਤੋਂ ਉਤਰ ਵੱਲ ੯੫ ਕਿਲੋਮੀਟਰ ਦੂਰ ਪੈਗਾਂਗ ਸ਼ਹਿਰ ਹੈ, ਜਿਥੇ ਮਿਲਟਰੀ ਦਾ ਹੈਡਕੁਆਰਟਰ ਹੈ। ਉਸ ਤੋਂ ਥੋੜੀ ਦੂਰ ਉਤਰ ਵਲ ਚੁੰਗਯਾਂਗ ਜਾਂ ਚੁੰਗਥਾਂਗ ਸ਼ਹਿਰ ਹੈ, ਜਿਥੋਂ 'ਬਾਬੇ ਦੀ ਖੂੰਡੀ' ਅਸਥਾਨ ਡੇਢ ਦੋ ਕਿਲੋਮੀਟਰ ਦੀ ਵਿੱਥ ਉਤੇ ਹੈ। ਜੁਗਥਾਂਗ ਸਿਕਮ ਸਟੇਟ ਦਾ ਸਭ ਤੋਂ ਉਤਰੀ ਸ਼ਹਿਰ ਚੁੰਗਥਾਂਗ ਤੋਂ ੫੦ ਕਿਲੋਮੀਟਰ ਉਤਰ ਵਲ ਹੈ ਤੇ ਉਥੇ ਕਚੇ ਪਹਾੜੀ ਰਸਤੇ ਰਾਹੀਂ ਖੱਚਰ ਜਾਂ


www.AKJ.Org

ਆਰੀਆ ਸਮਾਜੀ ਵੀਰਾਂ ਦੇ ਨਾਂ ਖੁਲ੍ਹੀ ਚਿਠੀ–

# ਪੰਜਾਬ ਬਚਾਉਣਾ ਹੈ ਤਾਂ ਪੰਜਾਬੀ ਬਣੋ

[ਸ: ਹਰਬੀਰ ਸਿੰਘ ਜੀ ਭੰਵਰ]

ਤੁਹਾਡੇ ਵੱਲੋਂ ਪਹਿਲੀ ਜੂਨ ਨੂੰ 'ਪੰਜਾਬ ਬਚਾਓ ਦਿਵਸ' ਮਨਾਇਆ ਗਿਆ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਹੁਣ ਜੋ ਪੰਜਾਬ ਬਿਲਕੁਲ ਤਬਾਹੀ ਦੇ ਕੰਢੇ ਖੜ੍ਹਾ ਹੈ ਅਤੇ ਜਿਸ ਦਾ ਸਮੁੱਚੇ ਦੇਸ਼ ਉੱਤੇ ਬੜਾ ਹੀ ਮਾੜਾ ਅਸਰ ਪੈ ਸਕਦਾ ਹੈ, ਤੁਸੀਂ ਇਸ ਸੂਬੇ ਨੂੰ ਬਚਾਉਣ ਲਈ ਦਿਵਸ ਮਨਾ ਰਹੇ ਹੋ।

ਮੈਂ ਸਮਝਦਾ ਹਾਂ ਕਿ ਜੇ ਵਾਕਈ ਤੁਸੀਂ ਪੰਜਾਬ ਨੂੰ ਆਪਣਾ ਸੂਬਾ ਸਮਝਦੇ ਹੋ, ਇਸ ਦੀ ਭਾਸ਼ਾ, ਸਭਿਆਚਾਰ, ਪਰੰਪਰਾਵਾਂ ਅਤੇ ਇਤਿਹਾਸ ਨੂੰ ਆਪਣਾ ਸਮਝਦੇ ਹੋ ਅਤੇ ਈਮਾਨਦਾਰੀ ਨਾਲ ਇਸ ਸੂਬੇ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਨਿਰਸੰਦੇਹ ਹਰ ਈਮਾਨਦਾਰ ਪੰਜਾਬੀ, ਭਾਵੇਂ ਉਹ ਹਿੰਦੂ, ਸਿੱਖ, ਮੁਸਲਮਾਨ, ਈਸਾਈ ਜਾਂ ਕੁਝ ਹੋਰ ਹੈ, ਤੁਹਾਨੂੰ ਇਸ ਸਾਂਝੇ ਕਾਰਜ ਲਈ ਆਪਣੀ ਪੂਰੀ ਮਿਲਵਰਤੋਂ ਦੇਵੇਗਾ ਅਤੇ ਤੁਸੀਂ ਅਵੱਸ਼ ਕਾਮਯਾਬ ਹੋਵੋਗੇ। ਤੁਹਾਨੂੰ ਪੰਜਾਬੀਆਂ ਦੇ ਕੁਝ ਸ਼ੰਕੇ ਨਵਿਰਤ ਕਰਨੇ ਪੈਣਗੇ। ਕਿਉਂ ਜੁ ਹੁਣ ਤਕ ਤੁਹਾਡਾ ਰਵੱਈਆ ਪੰਜਾਬ-ਪੱਖੀ ਨਹੀਂ ਰਿਹਾ, ਹੁਣ ਤਕ ਤੁਸੀਂ ਵੀ ਆਪਣੇ ਇਸ ਸੂਬੇ ਦੇ ਹਿੱਤਾਂ ਲਈ ਕੋਈ ਸੰਘਰਸ਼ ਜਾਂ ਕੁਰਬਾਨੀ ਤਾਂ ਕੀ ਕਰਨੀ ਸੀ, ਆਵਾਜ਼ ਵੀ ਬੁਲੰਦ ਨਹੀਂ ਕੀਤੀ। ਪੰਜਾਬ ਨਾਲ ਪਿਛਲੇ ੩੯ ਸਾਲਾਂ ਤੋਂ ਹੋ ਰਹੇ ਵਿਤਕਰੇ ਤੇ ਕਦੀ ਹਾਅ ਦਾ ਨਾਅਰਾ ਵੀ ਨਹੀਂ ਮਾਰਿਆ। ਇਸ ਤੋਂ ਵੀ ਅੱਗੇ, ਮੈਂ ਤਾਂ ਤੁਹਾਡੇ ਤੇ ਪੰਜਾਬ ਦੇ ਹਾਲਾਤ ਖ਼ਰਾਬ ਕਰਨ ਲਈ ਸਿੱਧੇ ਤੌਰ ਤੇ ਸਾਰਾ ਦੋਸ਼ ਲਗਾਉਂਦਾ ਹਾਂ। ਇਸ ਲਈ ਮੈਂ ਕੁਝ ਤੱਥ ਪੇਸ਼ ਕਰ ਰਿਹਾ ਹਾਂ।

ਦੇਸ਼ ਆਜ਼ਾਦ ਹੋਇਆ, ਪੰਜਾਬ ਦੇ ਦੋ ਟੋਟੇ ਹੋਏ (ਪਾਕਿਸਤਾਨ ਬਨਾਉਣ ਵਿਚ ਵੀ ਤੁਹਾਡਾ ਬੜਾ ਰੋਲ ਹੈ–ਉਹ ਵੱਖਰੀ ਚਰਚਾ ਮੰਗਦਾ ਹੈ, ਫਿਰ ਕਦੀ ਲਿਖਾਂਗਾ)–ਭਾਰਤੀ ਪੰਜਾਬ, ਜਿਸ ਨੂੰ ਪੂਰਬੀ ਪੰਜਾਬ ਕਿਹਾ ਜਾਂਦਾ ਸੀ, ਵਿਚ ਹਿੰਦੂਆਂ ਦੀ ਆਬਾਦੀ ੬੫ ਤੋਂ ੭੦ ਫੀ ਸਦੀ ਦੇ ਕਰੀਬ ਸੀ। ਕੇਂਦਰ ਅਤੇ ਪੰਜਾਬ ਵਿਚ ਪੰਜਾਬੀ ਸੂਬਾ ਬਨਣ ਤਕ ਹਮੇਸ਼ਾ ਕਾਂਗਰਸ ਦਾ ਰਾਜ ਰਿਹਾ ਹੈ। ਕਾਂਗਰਸ ਵਿਚ ਹਮੇਸ਼ਾ ਆਰੀਆ ਸਮਾਜ ਭਾਰੂ ਰਿਹਾ। ਇਹ ਇਕ ਹਕੀਕਤ ਹੈ ਕਿ ਕਾਂਗਰਸ ਪਾਰਟੀ ਵਿਚ ਹਿੰਦੂ ਲੀਡਰਾਂ (ਕਾਂਗਰਸੀਆਂ) ਵਿਚ ੭੦ ਤੋਂ ੯੦ ਫ਼ੀ ਸਦੀ ਤਕ ਆਰੀਆ ਸਮਾਜੀ ਸਨ ਅਤੇ ਹੁਣ ਤਕ ਹਨ। ਸ਼ਹਿਰਾਂ ਦੀਆਂ ਨਗਰ ਪਾਲਕਾਵਾਂ, ਕਮੇਟੀਆਂ ਆਦਿ ਤੇ ਹਿੰਦੂ ਕਾਂਗਰਸੀਆਂ, ਭਾਵ ਆਰੀਆ ਸਮਾਜੀਆਂ ਦਾ ਹੀ ਕਬਜ਼ਾ ਰਿਹਾ ਹੈ। ਪੰਜਾਬ ਵਿਚ ਹਿੰਦੂਆਂ ਦੀ ਵੱਖਰੀ ਪਾਰਟੀ ਜਨਸੰਘ ਹੁੰਦੀ ਸੀ, ਜਿਸ ਉਤੇ ਵੀ ਆਰੀਆ ਸਮਾਜੀ ਹਾਵੀ ਰਹੇ ਹਨ। ਪੰਜਾਬ ਦੇ ਲਗਪਗ ਸਾਰੇ ਪ੍ਰੈੱਸ ਤੇ ਆਰੀਆ ਸਮਾਜ ਦਾ ਕਬਜ਼ਾ ਸੀ। ਪੂਰਬੀ ਪੰਜਾਬ ਦੀ ਇਕੋ ਇਕ ਯੂਨੀਵਰਸਿਟੀ 'ਪੰਜਾਬ ਯੂਨੀਵਰਸਿਟੀ' ਤੇ ੧੯੪੭ ਤੋਂ ਲੈ ਕੇ ਹੁਣ ਤਕ ਆਰੀਆ ਸਮਾਜ ਦਾ ਹੀ ਕਬਜ਼ਾ ਰਿਹਾ ਹੈ। ਗੱਲ ਕੀ, ਹਰ ਪਾਸੇ ਆਰੀਆ ਸਮਾਜ ਦਾ ਹੀ ਬੋਲਬਾਲਾ ਸੀ–ਜਾਂ ਕਹਿ ਲਓ ਪੰਜਾਬੀ ਹਿੰਦੂ ਸਾਰੇ ਪੂਰਬੀ ਪੰਜਾਬ ਤੇ ਛਾਏ ਹੋਏ ਸਨ।

---

✿ਪੈਦਲ ਹੀ, ਪੁਜ ਸਕੀਦਾ ਹੈ। ਜੁਗਬਾਂਗ ਤੋਂ ਅਗੇ ਗੁਰੂ ਕਾਂਬਾ ਸਰੋਵਰ ੨੯੦ ਕਿਲੋਮੀਟਰ ਦੱਖਣ-ਪੂਰਬ ਦੀ ਦਿਸ਼ਾ ਵਲ ਹੈ ਅਤੇ ਇਹ ਫਾਸਲਾ ਭੀ ਖੱਚਰ ਰਾਹੀਂ ਜਾਂ ਪੈਦਲ ਹੀ ਤਹਿ ਕੀਤਾ ਜਾ ਸਕਦਾ ਹੈ।

| | | | | |
|---|---|---|---|---|
| ਸਿਲੀਗੁੜੀ | ਤੋਂ | ਦਾਰਜੀਲਿੰਗ | ੫੦ | ਕਿਲੋਮੀਟਰ |
| ਦਾਰਜੀਲਿੰਗ | ਤੋਂ | ਗੰਗਟੋਕ | ੪੫ | ,, |
| ਗੰਗਟੋਕ | ਤੋਂ | ਚੁੰਗਥਾਂਗ | ੬੫ | ,, |
| ਚੁੰਗਥਾਂਗ | ਤੋਂ | ਜੁਗਬਾਂਗ | ੫੦ | ,, |
| ਜੁਗਬਾਂਗ | ਤੋਂ | ਗੁਰੂ ਕਾਂਬਾ ਸਰੋਵਰ | ੨੯੦ | ,, |
| | | ਕੁਲ ਸਫ਼ਰ | ੫੦੦ | ਕਿਲੋਮੀਟਰ |



www.AKJ.Org

ਦੇਸ਼ ਆਜ਼ਾਦ ਹੋਣ ਤੇ ਦੇਸ਼ ਦੇ ਸਾਰੇ ਸੂਬਿਆਂ ਵਿਚ ਉਥੋਂ ਦੀ ਭਾਸ਼ਾ ਨੂੰ ਪੜ੍ਹਾਈ ਅਤੇ ਰਾਜ ਕਾਜ ਦੇ ਕੰਮਾਂ ਵਿਚ ਪਹਿਲ ਦੇਣ ਲਈ ਕਦਮ ਚੁਕੇ ਗਏ। ਪੂਰਬੀ ਪੰਜਾਬ ਵਿਚ ਗੋਪੀ ਚੰਦ ਭਾਰਗੋ ਦੀ ਸਰਕਾਰ ਨੇ ਪਹਿਲੀ ਜੂਨ, ੧੯੪੮ ਤੋਂ ਉਰਦੂ ਦੀ ਥਾਂ ਸਕੂਲਾਂ ਵਿਚ ਪੰਜਾਬੀ ਅਤੇ ਹਿੰਦੀ ਨੂੰ ਸਿਖਿਆ ਦਾ ਮਾਧਿਅਮ ਬਣਾ ਦਿੱਤਾ। ਆਰੀਆ ਸਮਾਜ ਨੇ ਪੰਜਾਬੀ ਦੀ ਵਿਰੋਧਤਾ ਕੀਤੀ।

ਉਰਦੂ ਪ੍ਰੈਸ, ਜੋ ਲਾਹੌਰ ਤੋਂ ਜਲੰਧਰ ਆ ਗਿਆ ਸੀ, ਨੇ ਪੰਜਾਬੀ ਨੂੰ ਸਿਖਿਆ ਦਾ ਮਾਧਿਅਮ ਬਨਾਉਣ ਵਿਰੁਧ ਵਾਵੇਲਾ ਸ਼ੁਰੂ ਕਰ ਦਿੱਤਾ। ਜਲੰਧਰ ਮਿਉਂਸਪਲ ਕਮੇਟੀ ਨੇ ਫਰਵਰੀ ੧੯੪੯ ਦੇ ਮਤਾ ਨੰਬਰ ੮੮ ਅਨੁਸਾਰ ਐਲਾਨ ਕੀਤਾ ਕਿ ਉਹ ਆਪਣੇ ਸਕੂਲਾਂ (ਸ਼ਹਿਰਾਂ ਦੇ ਸਾਰੇ ਸਕੂਲ ਉਸ ਸਮੇਂ ਸਥਾਨਿਕ ਮਿਉਂਸਪਲ ਕਮੇਟੀ ਦੇ ਅਧੀਨ ਹੁੰਦੇ ਸਨ) ਵਿਚ ਪੰਜਾਬੀ ਦੀ ਥਾਂ ਹਿੰਦੀ ਮਾਧਿਅਮ ਵਿਚ ਹੀ ਸਿਖਿਆ ਦੇਣਗੇ। ਪੰਜਾਬ ਯੂਨੀਵਰਸਿਟੀ ਸੋਲਨ (ਹੁਣ ਚੰਡੀਗੜ੍ਹ) ਦੀ ਸੈਨੇਟ ਨੇ ੯ ਜੂਨ ੧੯੪੯ ਨੂੰ ਪੰਜਾਬੀ ਨੂੰ ਸਿਖਿਆ ਦਾ ਮਾਧਿਅਮ ਬਨਾਉਣ ਦਾ ਮੱਤਾ ਰੱਦ ਕਰ ਦਿਤਾ। ਰੋਸ ਵਜੋਂ ਸਾਰੇ ਸਿੱਖ ਮੈਂਬਰ ਵਾਕ ਆਊਟ ਕਰ ਗਏ ਸਨ।

ਅਕਤੂਬਰ ੧੯੪੯ ਵਿਚ ਸਰਕਾਰ ਨੇ ਸੱਚਰ ਫ਼ਾਰਮੂਲਾ ਲਾਗੂ ਕਰ ਦਿਤਾ ਅਤੇ ਪੰਜਾਬੀ ਜ਼ੋਨ ਵਿਚ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਕਰ ਦਿਤੀ ਗਈ। ਅੰਮ੍ਰਿਤਸਰ, ਜਲੰਧਰ, ਗੁਰਦਾਸਪੁਰ (ਡਲਹੌਜ਼ੀ ਸਮੇਤ), ਫ਼ੀਰੋਜ਼ਪੁਰ (ਅਬੋਹਰ-ਫ਼ਾਜ਼ਿਲਕਾ ਸਮੇਤ), ਲੁਧਿਆਣਾ ਅਤੇ ਹੁਸ਼ਿਆਰਪੁਰ (ਊਨਾ ਤਹਿਸੀਲ ਸਮੇਤ) ਤੋਂ ਬਿਨਾਂ ਹਿਸਾਰ ਦਾ ਕੁਝ ਹਿੱਸਾ ਅਤੇ ਰੋਪੜ ਤੇ ਖਰੜ ਤਹਿਸੀਲਾਂ (ਜ਼ਿਲਾ ਅੰਬਾਲਾ) ਪੰਜਾਬੀ ਜ਼ੋਨ ਵਿਚ ਰਖੇ ਗਏ। ਇਸ ਫ਼ਾਰਮੂਲੇ ਦਾ ਕਮਜ਼ੋਰ ਪੱਖ ਇਹ ਸੀ ਕਿ ਜੇਕਰ ਮਾਪੇ ਚਾਹੁਣ ਤਾਂ ਆਪਣੇ ਬੱਚਿਆਂ ਨੂੰ ਹੋਰ ਭਾਸ਼ਾ ਵਿਚ ਸਿਖਿਆ ਦੇ ਸਕਦੇ ਸਨ। ਆਰੀਆ ਸਮਾਜ ਦੀ ਮਿਹਰਬਾਨੀ ਸਦਕਾ, ਹਿੰਦੂਆਂ (ਵਿਸ਼ੇਸ਼ ਕਰਕੇ ਸ਼ਹਿਰੀ ਹਿੰਦੂਆਂ) ਨੇ ਆਪਣੇ ਬੱਚਿਆਂ ਦੀ ਸਿਖਿਆ ਲਈ ਮਾਧਿਅਮ ਹਿੰਦੀ ਰੱਖਿਆ। ਇਸ ਪਰਦੇਸ਼ ਦੀ ਭਾਸ਼ਾ–ਪੰਜਾਬੀ ਦੇ ਸਵਾਲ ਤੇ ਆਰੀਆ ਸਮਾਜੀ ਤੇ ਜਨਸੰਘੀ ਲੀਡਰਾਂ ਦੀ ਮਿਹਰਬਾਨੀ ਨਾਲ ਹਿੰਦੂਆਂ ਅਤੇ ਸਿੱਖਾਂ ਵਿਚ ਫ਼ਰਕ ਪੈਣਾ ਸ਼ੁਰੂ ਹੋਇਆ, ਜੋ ਹਾਲੇ ਤਕ ਜਾਰੀ ਹੈ ਅਤੇ ਜਿਸ ਦੇ ਸਿਟੇ ਅੱਜ ਸਾਡੇ ਸਾਹਮਣੇ ਹਨ। **ਆਰੀਆ ਸਮਾਜੀ ਤੇ ਜਨਸੰਘੀ ਲੀਡਰਾਂ ਨੇ ਜੋ ਫੁਟ ਦਾ ਬੀ ਬੀਜਿਆ ਸੀ, ਉਸ ਦੀ ਫ਼ਸਲ ਅੱਜ ਸਾਰੇ ਪੰਜਾਬੀ ਕਟ ਰਹੇ ਹਨ**–ਇਸ ਦੇ ਸਿਟੇ ਪੰਜਾਬ ਦੇ ਮਾਸੂਮ ਹਿੰਦੂ ਭੁਗਤ ਰਹੇ ਹਨ। ਪੰਡਤ ਜਵਾਹਰ ਲਾਲ ਨਹਿਰੂ ਨੂੰ ੨੦ ਮਾਰਚ ੧੯੫੫ ਨੂੰ ਚੰਡੀਗੜ੍ਹ ਵਿਖੇ ਪੰਜਾਬ ਹਾਈਕੋਰਟ ਦੇ ਉਦਘਾਟਨ ਸਮੇਂ ਕਹਿਣਾ ਪਿਆ ਸੀ, "ਪੰਜਾਬੀ ਹਿੰਦੂ, ਪੰਜਾਬ ਵਿਚ ਫ਼ਿਰਕੂ ਮਾਹੌਲ ਵਿਗਾੜਨ ਦਾ ਜ਼ਿਮੇਵਾਰ ਹੈ। ਪੰਜਾਬ ਇਸ ਬੀਮਾਰੀ ਦਾ ਕੇਂਦਰ ਬਣ ਕੇ ਰਹਿ ਗਿਆ ਹੈ।"

ਭਾਰਤ ਸਰਕਾਰ ਨੇ ੨੨ ਦਸੰਬਰ ੧੯੫੩ ਨੂੰ ਦੇਸ਼ ਦੇ ਸੂਬਿਆਂ ਦੀ ਭਾਸ਼ਾ ਦੇ ਆਧਾਰ ਤੇ ਹੱਦਬੰਦੀ ਦਾ ਕਮਿਸ਼ਨ ਬਣਾਇਆ ਅਤੇ ੨੪ ਫਰਵਰੀ ੧੯੫੪ ਨੂੰ ਜਨਤਾ ਤੋਂ ਸੁਝਾਅ, ਦਲੀਲਾਂ ਅਤੇ ਵਿਚਾਰ ਮੰਗੇ। ਕਾਂਗਰਸ, ਆਰੀਆ ਸਮਾਜ ਤੇ ਜਨਸੰਘ ਨੇ ਪੰਜਾਬ, ਪੈਪਸੂ ਅਤੇ ਹਿਮਾਚਲ ਪਰਦੇਸ਼ ਨੂੰ ਮਿਲਾ ਕੇ 'ਮਹਾਂ-ਪੰਜਾਬ' ਬਨਾਉਣ ਦੀ ਮੰਗ ਕੀਤੀ ਅਤੇ ਪੰਜਾਬੀ ਸੂਬੇ ਦੇ ਵਿਰੋਧ ਵਿਚ ਮੈਮੋਰੰਡਮ ਦਿਤੇ। ਅਕਾਲੀ ਦਲ ਨੇ ਪੰਜਾਬੀ ਸੂਬੇ ਦੀ ਮੰਗ ਕੀਤੀ ਅਤੇ ਇਸ ਵਾਸਤੇ ਗੁਰਦਾਸਪੁਰ (ਡਲਹੌਜ਼ੀ ਸਮੇਤ), ਫਿਰੋਜਪੁਰ (ਅਬੋਹਰ-ਫਾਜ਼ਿਲਕਾ ਸਮੇਤ), ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਹੁਸ਼ਿਆਰਪੁਰ (ਊਨਾ ਸਮੇਤ), ਅੰਬਾਲਾ (ਖਰੜ ਤੇ ਰੋਪੜ ਤਹਿਸੀਲਾਂ), ਹਿਸਾਰ (ਕਰਨਾਲ, ਕੈਥਲ ਤੇ ਥਾਨੇਸਰ ਤਹਿਸੀਲਾਂ) ਤੋਂ ਬਿਨਾਂ ਪੈਪਸੂ ਚੋਂ ਜ਼ਿਲਾ ਪਟਿਆਲਾ, ਬਰਨਾਲਾ, ਬਠਿੰਡਾ, ਫ਼ਤਹਗੜ੍ਹ, ਕਪੂਰਥਲਾ, ਅਤੇ ਸੰਗਰੂਰ ਅਤੇ ਰਾਜਸਥਾਨ 'ਚੋਂ ਗੰਗਾ ਨਗਰ ਦੀ ਮੰਗ ਕੀਤੀ ਸੀ। ਇਹ ਪ੍ਰਸਤਾਵਿਤ ਸੂਬਾ ੩੫੪੫੮ ਵਰਗਮੀਲ ਖੇਤਰ ਵਾਲਾ ਅਤੇ ਇਕ ਕਰੋੜ ੧੯ ਲੱਖ ਦੀ ਆਬਾਦੀ ਵਾਲਾ ਸੀ, ਜਿਸ ਵਿਚ ਸਿੱਖਾਂ ਦੀ ਆਬਾਦੀ ਕੇਵਲ ੪੦ ਫ਼ੀ ਸਦੀ ਬਣਦੀ ਸੀ। ਅਕਤੂਬਰ ੧੯੫੫ ਵਿਚ ਕਮਿਸ਼ਨ ਨੇ ਆਪਣੀ ਰੀਪੋਰਟ ਦਿਤੀ–ਪੰਜਾਬੀ ਸੂਬੇ ਦੀ ਮੰਗ ਠੁਕਰਾ ਦਿਤੀ ਗਈ, ਸਗੋਂ ਇਸ ਦੇ ਉਲਟ ਪੈਪਸੂ ਨੂੰ ਪੰਜਾਬ ਵਿਚ ਮਿਲਾਉਣ ਦੀ ਸਿਫ਼ਾਰਸ਼ ਕੀਤੀ, ਜਿਸ ਅਨੁਸਾਰ ਪਹਿਲੀ ਨਵੰਬਰ ੧੯੫੬ ਤੋਂ ਪੈਪਸੂ ਤੇ ਪੰਜਾਬ ਮਿਲ ਕੇ ਇਕ ਹੋ ਗਏ।



www.AKJ.Org

ਪੰਜਾਬੀ ਸੂਬੇ ਲਈ ਅਕਾਲੀ ਦਲ ਨੇ ਬੜਾ ਹੀ ਸੰਘਰਸ਼ ਕੀਤਾ । ਅਨੇਕਾਂ ਵਾਰੀ ਮੋਰਚੇ ਲਗਾਏ—ਆਰੀਆ ਸਮਾਜ ਤੇ ਜਨਸੰਘ ਵਲੋਂ ਹਮੇਸ਼ਾ ਵਿਰੋਧ ਹੁੰਦਾ ਰਿਹਾ । ਅਖ਼ੀਰ ਇਹ ਮੰਗ ਬਹੁਤ ਹੀ ਕੁਰਬਾਨੀਆਂ ਪਿਛੋਂ ਮਾਰਚ ੧੯੬੬ ਵਿਚ ਪਰਵਾਨ ਹੋਈ । ਜਨਸੰਘ ਅਤੇ ਆਰੀਆ ਸਮਾਜ ਨੇ ਇਸ ਵਿਰੁਧ ਅੰਦੋਲਨ ਸ਼ੁਰੂ ਕਰ ਦਿਤਾ । ਪੰਜਾਬ ਦੇ ਸ਼ਹਿਰਾਂ ਵਿਚ ਹੜਤਾਲਾਂ ਹੋਈਆਂ—ਸਾੜਫੂਕ ਹੋਈ—ਕਈ ਥਾਵਾਂ ਤੇ ਕਰਫਿਊ ਲੱਗੇ—ਪਰ ਓੜਕ ਪੰਜਾਬੀ ਸੂਬਾ ਬਣ ਕੇ ਰਿਹਾ । ਹਾਂ ਆਰੀਆ ਸਮਾਜ ਤੇ ਜਨਸੰਘ ਦੀ ਕੇਂਦਰ ਵਿਚ ਪੰਜਾਬ, ਪੰਜਾਬੀ ਤੇ ਸਿੱਖ ਵਿਰੋਧੀ ਲਾਬੀ ਦੀ ਮਾੜੀ ਸਾਂਝੀ ਸਾਜ਼ਿਸ਼ ਕਾਰਨ ਇਹ ਲੰਗੜਾ ਪੰਜਾਬੀ ਸੂਬਾ ਬਣਿਆ । ਚੰਡੀਗੜ੍ਹ ਅਤੇ ਅਨੇਕਾਂ ਪੰਜਾਬ ਭਾਸ਼ਾਈ ਖੇਤਰ ਇਸ ਤੋਂ ਬਾਹਰ ਰੱਖੇ ਗਏ । ਡੈਮਾਂ ਤੇ ਹੈਡ-ਵਰਕਸਾਂ ਤੇ ਕੇਂਦਰ ਦਾ ਕੰਟਰੋਲ ਹੋ ਗਿਆ । ਇਸ ਨਵੇਂ ਪੰਜਾਬ, ਹਰਿਆਣਾ ਤੇ ਵਿਸ਼ਾਲ ਹਿਮਾਚਲ ਦੀ ਹੱਦਬੰਦੀ ਲਈ ਜੋ ਕਮਿਸ਼ਨ ਬਣਿਆ, ਉਸ ਨੂੰ ੧੯੬੧ ਦੀ ਮਰਦਮਸ਼ੁਮਾਰੀ (ਜਿਸ ਨੂੰ ਪੰਡਤ ਨਹਿਰੂ ਵੀ ਗਲਤ ਕਹਿ ਚੁਕੇ ਸਨ) ਦੇ ਆਧਾਰ ਤੇ ਤਹਿਸੀਲ ਇਕ ਯੂਨਿਟ ਅਨੁਸਾਰ ਵੰਡ ਕਰਨ ਲਈ ਕਿਹਾ ਗਿਆ, ਜਿਸ ਦਾ ਸਿਟਾ ਅੱਜ ਸਾਰਾ ਪੰਜਾਬ ਨਹੀਂ, ਦੇਸ਼ ਭੁਗਤ ਰਿਹਾ ਹੈ । ਅਨੇਕਾਂ ਹੀ ਪੰਜਾਬੀ ਭਾਸ਼ਾਈ ਇਲਾਕੇ ਇਸ ਸਾਜ਼ਿਸ਼ ਅਧੀਨ ਹਰਿਆਣਾ ਅਤੇ ਹਿਮਾਚਲ ਵਿਚ ਸ਼ਾਮਿਲ ਕਰ ਦਿਤੇ ਗਏ । ਆਰੀਆ ਸਮਾਜੀ ਸੱਜਣੋ, ਪੰਜਾਬ ਵਿਚ ਹਿੰਦੂਆਂ ਨੂੰ ਘਟ-ਗਿਣਤੀ ਬਨਾਉਣ ਲਈ ਤੁਸੀਂ ਖ਼ੁਦ ਜ਼ਿਮੇਵਾਰ ਹੋ । ਜੇ ਅਕਾਲੀ ਦਲ ਦੀ ਮੰਗ ਅਨੁਸਾਰ ਪੰਜਾਬੀ ਸੂਬਾ ਬਣਦਾ, ਤਾਂ ਹਿੰਦੂਆਂ ਦੀ ਆਬਾਦੀ ੬੦ ਫ਼ੀ ਸਦੀ ਦੇ ਲਾਗੇ ਹੋਣੀ ਸੀ ।

ਪੰਜਾਬ ਦੇ ਇਕ ਮਹਾਨ ਪੁਰਸ਼ ਗੁਰੂ ਨਾਨਕ ਦੇਵ ਜੀ ਦੇ ਨਾਂ ਤੇ ਅੰਮ੍ਰਿਤਸਰ ਯੂਨੀਵਰਸਿਟੀ ਬਣੀ । ਪੰਜਾਬ ਸਰਕਾਰ ਨੇ ੪ ਜ਼ਿਲਿਆਂ ਦੇ ਕਾਲਜ ਇਸ ਨਾਲ ਜੋੜਨ ਦਾ ਫੈਸਲਾ ਕੀਤਾ, ਜਨਸੰਘ ਆਪਣੀ ਭਾਈਵਾਲ (ਅਕਾਲੀ ਦਲ) ਸਰਕਾਰ ਤੋਂ ਵੱਖ ਹੋ ਗਿਆ । ਆਰੀਆ ਸਮਾਜ, ਜਿਸ ਦੇ ਅਧੀਨ ਡੀ. ਏ. ਵੀ. ਦੇ ਅਨੇਕਾਂ ਹੀ ਕਾਲਜ ਚਲ ਰਹੇ ਹਨ, ਨੇ ਇਸ ਫ਼ੈਸਲੇ ਵਿਰੁਧ ਸੁਪਰੀਮ ਕੋਰਟ ਵਿਚ ਰਿਟ ਕਰ ਦਿਤੀ, ਜਿਥੇ ਉਸ ਨੂੰ ਮੂੰਹ ਦੀ ਖਾਣੀ ਪਈ। ਇਕ ਸਾਲ ਦੇ ਵਾਦ-ਵਿਵਾਦ ਪਿਛੋਂ ਇਹਨਾਂ ਜ਼ਿਲਿਆਂ ਦੇ ਡੀ ਏ ਵੀ ਕਾਲਜ ਗੁਰੂ ਨਾਨਕ ਯੂਨੀਵਰਸਿਟੀ ਨਾਲ ਜੋੜਨੇ ਪਏ।

ਇਹ ਕੁਝ-ਇਕ ਉਦਾਹਰਣਾਂ ਹਨ, ਜਿਸ ਤੋਂ ਆਰੀਆ ਸਮਾਜ ਦਾ ਪੰਜਾਬ ਤੇ ਪੰਜਾਬੀ ਪ੍ਰਤੀ ਸ਼ੱਕੀ ਰਵੱਈਆ ਸਾਫ਼ ਜ਼ਾਹਰ ਹੈ । ਮੈਂ ਅਨੇਕਾਂ ਹੀ ਇਸ ਤਰ੍ਹਾਂ ਦੀਆਂ ਉਦਾਹਰਣਾਂ ਦੇ ਸਕਦਾ ਹਾਂ । ਜੇ ਆਰੀਆ ਸਮਾਜ ਨੇ ਪੰਜਾਬ ਨੂੰ ਆਪਣਾ ਸੂਬਾ ਸਮਝਿਆ ਹੁੰਦਾ—ਇਸ ਦੀ ਭਾਸ਼ਾ, ਸਭਿਆਚਾਰ ਅਤੇ ਇਤਿਹਾਸ ਤੋਂ ਮੂੰਹ ਨਾ ਮੋੜਿਆ ਹੁੰਦਾ ਤਾਂ ਅਭਾਗੇ ਪੰਜਾਬੀਆਂ ਨੂੰ ਅੱਜ ਵਾਲੇ ਦਿਨ ਨਾ ਵੇਖਣੇ ਪੈਂਦੇ । ਉਹਨਾਂ ਦੀਆਂ ਗਲਤੀਆਂ ਸਦਕਾ ਅੱਜ ਪੰਜਾਬ ਦੇ ਹਿੰਦੂ ਆਪਣੇ ਆਪ ਨੂੰ ਇਸ ਸੂਬੇ ਵਿਚ ਅਜਨਬੀ ਤੇ ਅਸੁਰੱਖਿਅਤ ਅਨੁਭਵ ਕਰੇ ਰਹੇ ਹਨ ਤੇ ਕਈ ਦੂਜੇ ਪ੍ਰਾਂਤਾਂ ਵਿਚ ਜਾਣ ਲੱਗੇ ਹਨ, ਜਿਸ ਤੇ ਸਾਰਾ ਦੇਸ਼ ਚਿੰਤਤ ਹੈ ।

ਆਰੀਆ ਸਮਾਜ ਤੇ ਭਾਰਤੀ ਜਨਤਾ ਪਾਰਟੀ (ਜਨਸੰਘ ਦਾ ਹੀ ਨਵਾਂ ਰੂਪ) ਪੰਜਾਬ ਨੂੰ ਫੌਜ ਹਵਾਲੇ ਕਰਨ ਦੀ ਮੰਗ ਕਰ ਰਹੇ ਹਨ । ਅੱਗੇ ਇਥੇ ਫ਼ੌਜ ਰੱਖ ਕੇ ਵੇਖ ਹੀ ਲਿਆ ਹੈ । ਫੌਜ ਕੀ ਕਰ ਲਏਗੀ । ਪਹਿਲਾਂ ਹੀ ਫੌਜ ਵਿਚ ਫ਼ਿਰਕਾਪ੍ਰਸਤੀ ਆ ਗਈ ਹੈ । ਜੇ ਫਿਰ ਫੌਜ ਲਗਾਈ ਗਈ, ਫੌਜ ਵਿਚ ਫ਼ਿਰਕਾਪ੍ਰਸਤੀ ਹੋਰ ਵਧੇਗੀ, ਜੋ ਸਾਰੇ ਦੇਸ਼ ਦੀ ਆਜ਼ਾਦੀ, ਏਕਤਾ ਅਤੇ ਅਖੰਡਤਾ ਲਈ ਘਾਤਕ ਸਿੱਧ ਹੋ ਸਕਦੀ ਹੈ ।

ਆਰੀਆ ਸਮਾਜੀ ਦੋਸਤੋ, ਜੇ ਵਾਕਈ ਹੀ ਸੱਚੇ ਦਿਲੋਂ ਤੁਸੀਂ ਪੰਜਾਬ ਬਚਾਉਣਾ ਚਾਹੁੰਦੇ ਹੋ, ਤਾਂ ਇਸ ਦੇ ਹਿੱਤਾਂ ਦੇ ਪਹਿਰੇਦਾਰ ਬਣੋ । ਇਸ ਦੀ ਭਾਸ਼ਾ, ਸਭਿਆਚਾਰ ਅਤੇ ਇਤਿਹਾਸ ਦੇ ਵਾਰਸ ਬਣੋ । ਕੇਂਦਰ ਤੋਂ ਪੰਜਾਬ ਦੇ ਹੱਕ ਮੰਗੋ । ਜਿਸ ਦਿਨ ਪੰਜਾਬ ਨੂੰ ਇਸ ਦੇ ਹੱਕ ਮਿਲ ਗਏ, ਸ਼ਰਤੀਆ ਇਥੇ ਸ਼ਾਂਤੀ ਸਥਾਪਤ ਹੋ ਜਾਏਗੀ । ਨਾ ਕੋਈ ਹਿੰਦੂ ਵੀਰ ਇਥੇ ਆਪਣੇ ਆਪ ਨੂੰ ਅਸੁਰੱਖਿਅਤ ਸਮਝੇਗਾ ਅਤੇ ਨਾ ਹੀ ਬਾਹਰ ਜਾਣ ਤੇ ਮਜਬੂਰ ਹੋਏਗਾ, ਨਾ ਹੀ ਕਿਸੇ ਨੂੰ ਗੜਬੜ ਕਰਨ ਦਾ ਬਹਾਨਾ ਮਿਲੇਗਾ । ਖਾਲਿਸਤਾਨ ਦੀ ਮੰਗ ਆਪਣੇ ਆਪ ਖ਼ਤਮ ਹੋ ਜਾਏਗੀ । ਫੈਸਲਾ ਤੁਹਾਡੇ ਹੱਥ ਹੈ । —ਅਜੀਤ, ੪-੬-੮੬

www.AKJ.Org

# ਕਾਂਗ੍ਰਸ ਅਤੇ ਨੇਤਾਵਾਂ ਵਲੋਂ ਸਿਖਾਂ ਨਾਲ ਵਾਹਿਦੇ

[ਸ: ਨਰੈਣ ਸਿੰਘ ਜੀ ਐਮ. ਏ., ਸਕੱਤਰ, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਦੇਸ਼ ਦੀ ਆਜ਼ਾਦੀ ਹਿਤ ਸਿਖਾਂ ਦਾ ਰੋਲ ਏਨਾ ਮਹੱਤਵਪੂਰਨ ਰਿਹਾ ਸੀ ਕਿ ਕਾਂਗ੍ਰਸੀ ਨੇਤਾਵਾਂ ਵਲੋਂ ਸਿਖਾਂ ਦੀ ਵਾਰ ਵਾਰ ਪਰਸੰਸਾ ਕੀਤੀ ਜਾਂਦੀ ਰਹੀ ਅਤੇ ਉਨ੍ਹਾਂ ਨੂੰ ਭਰੋਸਾ ਦਿਤਾ ਜਾਂਦਾ ਰਿਹਾ ਕਿ ਆਜ਼ਾਦ ਹਿੰਦ ਵਿਚ ਸਿਖਾਂ ਦੇ ਹੱਕਾਂ ਦਾ ਵਿਸ਼ੇਸ਼ ਖ਼ਿਆਲ ਰਖਿਆ ਜਾਵੇਗਾ ਅਤੇ ਉਨ੍ਹਾਂ ਦੀ ਦੇਸ਼ ਵਿਚ ਅਤਿ ਕਲੀਲ ਗਿਣਤੀ ਦੇ ਬਾਵਜੂਦ ਵੀ ਉਨ੍ਹਾਂ ਦਾ ਦੇਸ਼ ਦੇ ਰਾਜ ਭਾਗ ਅੰਦਰ ਵਿਸ਼ੇਸ਼ ਥਾਉਂ ਹੋਵੇਗਾ । ਅਜਿਹਾ ਵਿਸ਼ਵਾਸ ਕਾਂਗ੍ਰਸੀ ਨੇਤਾਵਾਂ, ਜਿਨ੍ਹਾਂ ਵਿਚ ਮਹਾਤਮਾ ਗਾਂਧੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਜੈਸੇ ਮੁਖੀ ਵੀ ਸਨ, ਵਲੋਂ ਜ਼ਾਤੀ ਤੌਰ ਤੇ ਹੀ ਨਹੀਂ ਦਿਤਾ ਗਿਆ ਸੀ, ਸਗੋਂ ਕਾਂਗ੍ਰਸ ਨੇ ਬਾ-ਹੈਸੀਅਤ ਮੁਖੀ ਨੈਸ਼ਨਲ ਜਮਾਤ ਹੋਣ ਦੇ ਸੰਨ ੧੯੨੯ ਦੇ ਲਾਹੌਰ ਵਿਚ ਹੋਏ ਆਪਣੇ ਸੈਸ਼ਨ ਅੰਦਰ ਇਕ ਮਤਾ ਪਾਸ ਕਰ ਕੇ ਸਿਖਾਂ ਨੂੰ ਇਹ ਭਰੋਸਾ ਦਿਤਾ ਸੀ । ਮਤਾ ਇਹ ਸੀ* :

"ਕਾਂਗ੍ਰਸ ਸਿਖਾਂ ਨੂੰ ਯਕੀਨ ਦਿਵਾਉਂਦੀ ਹੈ ਕਿ ਭਵਿਖ ਵਿਚ ਪ੍ਰਵਾਨ ਹੋਣ ਵਾਲਾ ਦੇਸ਼ ਦਾ ਕੋਈ ਵਿਧਾਨ (Constitution) ਕਾਂਗ੍ਰਸ ਸਵੀਕਾਰ ਨਹੀਂ ਕਰੇਗੀ ਜੋ ਸਿਖਾਂ ਲਈ ਪੂਰੇ ਤੌਰ ਤੇ ਤਸੱਲੀ-ਬਖ਼ਸ਼ ਨਹੀਂ ਹੋਵੇਗਾ ।"

ਇਸ ਤੋਂ ਛੇਤੀ ਪਿਛੋਂ ਸੰਨ ੧੯੩੧ ਵਿਚ ਗੁਰਦੁਆਰਾ ਸੀਸ ਗੰਜ ਦਿਲੀ ਅੰਦਰ ਜੁੜੀ ਸਿਖ ਸੰਗਤ ਨੂੰ ਸੰਬੋਧਨ ਕਰਦੇ ਹੋਏ ਮਹਾਤਮਾ ਗਾਂਧੀ ਨੇ ਕਿਹਾ :

"ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਅਤੇ ਤੁਸੀਂ ਮੇਰੇ ਲਫ਼ਜ਼ਾਂ ਅਤੇ ਕਾਂਗ੍ਰਸ ਵਲੋਂ ਪਾਸ ਕੀਤੇ ਗਏ ਮਤੇ ਤੇ ਯਕੀਨ ਲਿਆਓ ਕਿ ਕਾਂਗ੍ਰਸ ਕਿਸੇ ਜਮਾਤ ਨਾਲ ਤਾਂ ਕੀ, ਕਿਸੇ ਇਕ ਮਨੁਖ ਨਾਲ ਵੀ ਵਿਸਾਹ-ਘਾਤ ਨਹੀਂ ਕਰੇਗੀ। ਇਸ ਵਲੋਂ ਐਸਾ ਸੋਚਿਆ ਜਾਣਾ ਹੀ ਇਸ ਦੀ ਕਿਆਮਤ ਆ ਜਾਣ ਦੇ ਤੁੱਲ ਹੋਵੇਗਾ ।......

"ਮੈਂ ਤੁਹਾਡੇ ਪਾਸ ਦਰਖ਼ਾਸਤ ਕਰਦਾ ਹਾਂ ਕਿ ਤੁਸੀਂ ਅਜਿਹੇ ਸ਼ਕ ਸ਼ੁਕੂਕ ਤੇ ਅੰਦੇਸ਼ੇ ਆਪਣੇ ਅੰਦਰੋਂ ਕਢ ਦਿਓ । ਤੁਹਾਡੇ, ਮੇਰੇ ਅਤੇ ਕਾਂਗ੍ਰਸ ਵਿਚਾਲੇ ਪਰਮਾਤਮਾ ਸਾਖੀ ਹੈ ਕਿ ਅਸੀਂ ਆਪਣੇ ਦਿਤੇ ਬਚਨਾਂ ਤੇ ਪੂਰੇ ਉਤਰਾਂਗੇ । ਮੈਂ ਇਹ ਕਹਿਣ ਦਾ ਭੀ ਹੌਸਲਾ ਕਰਦਾ ਹਾਂ ਕਿ ਕਾਂਗ੍ਰਸ ਦਾ ਅਪਣਾਇਆ ਅਦਮ-ਤਸ਼ੱਦਦ ਦਾ ਰਸਤਾ ਹੀ ਸਾਡੀ ਨੇਕ ਨੀਯਤੀ ਦੀ ਯਕੀਨੀ ਗਾਰੰਟੀ ਹੈ ਅਤੇ ਸਾਡੇ ਸਿਖ ਭਰਾਵਾਂ ਦਾ ਕੋਈ ਐਸਾ ਖ਼ਦਸ਼ਾ ਰਖਣ ਦੀ ਕਿ ਕਾਂਗ੍ਰਸ ਉਨ੍ਹਾਂ ਨਾਲ ਵਿਸਾਹ-ਘਾਤ ਕਰੇਗੀ, ਉੱਕੀ ਹੀ ਗੁੰਜਾਇਸ਼ ਨਹੀਂ । ਕਿਉਂਕਿ ਅਜਿਹਾ ਕਰਨ ਵਾਲੀ ਘੜੀ ਨ ਕੇਵਲ ਕਾਂਗ੍ਰਸ ਦੇ ਆਪਣੇ ਲਈ, ਸਗੋਂ ਸਾਰੇ ਦੇਸ਼ ਲਈ ਤਬਾਹੀ ਲੈ ਆਉਣ ਵਾਲੀ ਹੋਵੇਗੀ ।

"ਇਸ ਦੇ ਨਾਲ ਹੀ (ਮੈਨੂੰ ਇਹ ਕਹਿਣ ਵਿਚ ਭੀ ਸੰਕੋਚ ਨਹੀਂ ਕਿ) ਸਿਖ ਬਹਾਦਰ ਲੋਕ ਹਨ ਅਤੇ ਜੇ ਕਦੀ ਸਮਾਂ ਬਣ ਭੀ ਜਾਏ ਤਾਂ ਉਹ ਆਪਣੇ ਹੱਕਾਂ ਦੀ ਰਾਖੀ ਸ਼ਸਤਰ ਦੁਆਰਾ ਵੀ ਕਰ ਸਕਦੇ ਹਨ ।"

(ਅਖ਼ਬਾਰ 'ਯੰਗ ਇੰਡੀਆ', ੧੯ ਮਾਰਚ ੧੯੩੧)

ਅਜਿਹੀ ਗੱਲ ਹੀ ਜੁਲਾਈ ਸੰਨ ੧੯੪੬ ਨੂੰ ਕਲਕਤੇ ਹੋਈ ਪ੍ਰੈਸ ਕਾਨਫ਼ਰੰਸ ਵਿਚ ਪੰ: ਜਵਾਹਰ ਲਾਲ ਨਹਿਰੂ ਨੇ ਇਉਂ ਕਹੀ :

"ਪੰਜਾਬ ਦੇ ਬਹਾਦਰ ਸਿਖ ਵਿਸ਼ੇਸ਼ ਧਿਆਨ ਦਿਤੇ ਜਾਣ ਦੇ ਮੁਸਤਹਿਕ ਹਨ । ਮੈਨੂੰ ਇਹ ਗੱਲ ਗ਼ਲਤ ਨਹੀਂ ਜਾਪਦੀ ਕਿ ਦੇਸ਼ ਦੇ ਉਤਰ ਵਿਚ ਇਕ ਅਜਿਹਾ ਖ਼ਿਤਾ ਰਾਖਵਾਂ ਕਰਕੇ ਉਸ ਦਾ ਐਸਾ ਬੰਧਾਨ ਬੰਨ੍ਹ ਦਿਤਾ ਜਾਵੇ ਜਿਸ ਅੰਦਰ ਸਿਖ ਵੀ ਆਜ਼ਾਦੀ ਦੀ ਆਭਾ ਦਾ ਸੁਆਦ ਮਾਣ ਸਕਣ ।"

ਇਕ ਹੋਰ ਮੌਕੇ ਤੇ ਪੰਡਤ ਨਹਿਰੂ ਨੇ ਕਿਹਾ ਸੀ :

"ਸੂਬਿਆਂ ਦੀ ਹਦਬੰਦੀ ਨਵੇਂ ਸਿਰਿਉਂ ਕੀਤੀ ਜਾਣੀ ਜ਼ਰੂਰੀ ਅਤੇ ਅਵੱਸ਼ ਹੈ । ਮੈਂ ਇਸ ਦੇ ਹੱਕ ਵਿਚ ਹਾਂ ਕਿ ਕੁਝ ਇਲਾਕੇ Semi-autonomous (ਨੀਮ ਸਵੈ-ਨਿਰਭਰ) ਵੀ ਹੋਣ । ਅਗਰ ਸਿਖ ਆਪਣੇ ਵਾਸਤੇ ਅਜਿਹਾ ਯੂਨਟ ਰਖਣਾ ਪਸੰਦ ਕਰਦੇ ਹੋਣ ਤਾਂ ਮੈਂ ਚਾਹਵਾਂਗਾ ਕਿ ਉਹ ਆਪਣੇ ਸੂਬੇ ਅੰਦਰ ਇਸ ਪ੍ਰਕਾਰ ਦਾ

*ਅਸਲ ਮਤੇ ਅੰਗ੍ਰੇਜ਼ੀ ਵਿਚ ਹਨ, ਇਥੇ ਉਨ੍ਹਾਂ ਦਾ ਕੇਵਲ ਪੰਜਾਬੀ ਤਰਜਮਾ ਹੀ ਦਿਤਾ ਜਾ ਰਿਹਾ ਹੈ ।



www.AKJ.Org

ਯੂਨਟ ਸਥਾਪਤ ਕਰ ਲੈਣ ਤਾਂ ਕਿ ਉਹ ਵੀ ਪ੍ਰਤੀਤ ਕਰ ਸਕਣ ਕਿ ਉਹ ਆਜ਼ਾਦ ਹਨ।"

(ਏ ਨੈਸ਼ਨਲ ਬੁਕ ਕਲੱਬ ਪਬਲੀਕੇਸ਼ਨ, ਪੰਨਾ ੧੪੭)

ਪੰਡਤ ਜਵਾਹਰ ਲਾਲ ਨਹਿਰੂ ਨੇ ਦੇਸ਼ ਦੀ ਵਿਧਾਨ-ਘੜਨੀ ਸਭਾ (Constituent Assembly) ਦੇ ੯ ਦਸੰਬਰ ੧੯੪੬ ਦੇ ਸਮਾਗਮ ਵਿਚ ਹੇਠ ਦਰਜ ਮਤਾ ਪੇਸ਼ ਕੀਤਾ ਸੀ :

"ਹਿੰਦੁਸਤਾਨ ਅੰਦਰ ਘਟ-ਗਿਣਤੀ ਜਮਾਤਾਂ ਦੀ ਸੁਰੱਖਿਆ ਲਈ ਮੁਨਾਸਬ ਕਾਨੂੰਨੀ ਧਾਰਾਵਾਂ ਹੋਣਗੀਆਂ। ਇਹ ਸਮੁਚੇ ਸੰਸਾਰ ਦੇ ਸਾਹਮਣੇ ਸਾਡਾ (ਦੇਸ਼ ਦੀ ਬਹੁ-ਸੰਖਿਆ ਹਿੰਦੂ ਦਾ) ਲਖੂਖਹਾ ਹਿੰਦੁਸਤਾਨੀਆਂ ਪ੍ਰਤੀ ਇਕ ਐਲਾਨ, ਇਕ ਨੇਮ, ਇਕ ਬਚਨ, ਇਕ ਸੰਧੀ ਅਤੇ ਇਸ ਕਾਰਨ ਇਕ ਸੁਗੰਧ (oath) ਦੀ ਥਾਂ ਰਖਦਾ ਹੈ, ਜਿਸ ਸੁਗੰਧ ਨੂੰ ਅਸਾਂ ਨਿਬਾਹੁਣਾ ਹੈ।" (ਫ਼ਰੇਮਿੰਗ ਆਫ਼ ਇੰਡੀਅਨ ਕਾਨਸਟੀਚਿਊਸ਼ਨ–ਸ਼ਿਵਾ ਰਾਉ, ਪੰਨਾ ੧੮੧)

ਉਸੇ ਦਿਨ ਅਥਵਾ ੯ ਦਸੰਬਰ ੧੯੪੬ ਨੂੰ Coustitueut Assembly ਦੇ ਆਰੰਭਕ ਇਜਲਾਸ ਵਿਚ ਪੰਡਤ ਨਹਿਰੂ ਵਲੋਂ ਹੀ ਉਹ ਮਤਾ ਪੇਸ਼ ਕੀਤਾ ਗਿਆ ਸੀ, ਜਿਸ ਵਿਚ ਅਸੈਂਬਲੀ ਨੂੰ ਇਹ ਐਲਾਨ ਕਰਨ ਲਈ ਕਿਹਾ ਗਿਆ ਸੀ :

"ਹਿੰਦੂ ਯੂਨੀਅਨ ਅੰਦਰ ਕੁਝ ਐਸੇ ਇਲਾਕੇ ਹੋਣਗੇ ਜੋ ਕਈ ਵਿਸ਼ੇਸ਼ ਅਧਿਕਾਰਾਂ ਨੂੰ ਛਡ ਕੇ ਬਾਕੀ ਪ੍ਰਬੰਧ ਲਈ ਸਵੈ-ਨਿਰਭਰ ਤੇ ਸੁਤੰਤਰ ਹੋਣਗੇ।"

ਇਹ ਦੋਵੇਂ ਮਤੇ ਪਾਸ ਹੋ ਗਏ ਸਨ।

੫ ਜਨਵਰੀ ੧੯੪੭ ਨੂੰ ਕਾਂਗ੍ਰਸ ਕਮੇਟੀ ਦੇ ਪਾਸ ਕੀਤੇ ਮਤੇ ਵਿਚ ਦਰਜ ਸੀ :

"ਪੰਜਾਬ ਅੰਦਰ ਸਿਖ ਹੱਕਾਂ ਦੀ ਰਾਖੀ ਨੂੰ ਕੋਈ ਖ਼ਤਰਾ ਨਹੀਂ ਹੋਣਾ ਚਾਹੀਦਾ (ਸਿਖ ਹੱਕ ਹਰ ਪਖੋਂ ਮਹਿਫ਼ੂਜ਼ ਹੋਣੇ ਚਾਹੀਦੇ ਹਨ)।"

ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੀ ਦਿੱਲੀ ਵਿਚ ਜੁਲਾਈ ੧੯੪੭ ਵਿਚ ਹੋਈ ਇਕੱਤਰਤਾ ਵਿਚ ਹਿੰਦੂ ਮੈਂਬਰ ਸਿਖਾਂ ਦੇ ਨਾਲ ਸਨ, ਜਦੋਂ ਉਨ੍ਹਾਂ ਪਾਸ ਕੀਤਾ :–

"(ਪੰਜਾਬ ਦਾ ਵੰਡਾਰਾ ਹੋਣ ਦੀ ਹਾਲਤ ਵਿਚ) ਭਾਰਤੀ ਪੰਜਾਬ ਦੇ ਵਿਧਾਨ ਵਿਚ ਅਜਿਹੀਆਂ ਧਾਰਾਵਾਂ ਦਾ ਹੋਣਾ ਅਵੱਸ਼ ਹੋਵੇਗਾ ਜੋ ਸਿਖਾਂ ਦੀਆਂ ਜਾਇਜ਼ ਇਛਾਵਾਂ ਅਤੇ ਹੱਕਾਂ ਦੀ ਰਾਖੀ ਕਰਨ।"

੧੯੪੭ ਦੇਸ਼ ਦੀ ਆਜ਼ਾਦੀ ਅਤੇ ਬਟਵਾਰੇ ਦਾ ਸਾਲ ਸੀ। ਕਾਂਗ੍ਰਸੀ ਮੁਖੀਆਂ ਅਤੇ ਮੁਸਲਮ ਲੀਗੀਆਂ ਵਿਚਾਲੇ ਸਹਿਮਤੀ ਹੋ ਜਾਣ ਦੇ ਫਲਸਰੂਪ ਦੇਸ਼ ਦੋ ਹਿਸਿਆਂ–ਭਾਰਤ ਤੇ ਪਾਕਿਸਤਾਨ–ਵਿਚ ਵੰਡਿਆ ਗਿਆ, ਜਿਸ ਵੰਡ ਨੇ ਬੰਗਾਲ ਅਤੇ ਪੰਜਾਬ ਦੇ ਵੀ ਦੋ ਦੋ ਹਿਸੇ ਕਰ ਦਿਤੇ ਅਤੇ ਫ਼ੈਸਲਾ ਕੀਤਾ ਗਿਆ ਕਿ ਭਾਰਤੀ ਬੰਗਾਲ ਤੇ ਪੰਜਾਬ ਦੇ ਮੁਸਲਮਾਨ ਅਤੇ ਪਾਕਿਸਤਾਨੀ ਬੰਗਾਲ ਤੇ ਪੰਜਾਬ ਅੰਦਰ ਵਸਦੇ ਹਿੰਦੂ ਸਿਖ ਕ੍ਰਮ ਅਨੁਸਾਰ ਪਾਕਿਸਤਾਨ ਅਤੇ ਭਾਰਤ ਵਿਚ ਚਲੇ ਜਾਣ। ਆਬਾਦੀਆਂ ਦੇ ਇਸ ਤਬਾਦਲੇ ਨੇ ਹਿੰਦੂ ਮੁਸਲਮਾਨ ਤੇ ਸਿਖਾਂ ਦੀ ਜੋ ਜਾਨੀ ਤੇ ਮਾਲੀ ਤਬਾਹੀ ਕੀਤੀ, ਕਹਿਣ ਕਥਨ ਤੋਂ ਬਾਹਰ ਹੈ। ਪਰ ਸਿਖਾਂ ਨੂੰ ਇਸ ਤੋਂ ਇਲਾਵਾ ਧਰਮ ਦੇ ਪਖੋਂ ਜੋ ਨੁਕਸਾਨ ਪਹੁੰਚਿਆ, ਉਹ ਉਨ੍ਹਾਂ ਦੇ ਦੋ ਸੌ ਦੇ ਕਰੀਬ ਨਨਕਾਣਾ ਸਾਹਿਬ ਜਿਹੇ ਪਵਿਤਰ ਅਸਥਾਨਾਂ ਤੋਂ ਉਨ੍ਹਾਂ ਨੂੰ ਸਦਾ ਲਈ ਵਾਂਝ ਦੇਣ ਦਾ ਸੀ।

ਵਿਧਾਨ-ਘੜਨੀ ਸਭਾ ਦੀ ੨੩ ਨਵੰਬਰ ੧੯੪੮ ਦੀ ਰੀਪੋਰਟ ਵਿਚ ਸਿਖਾਂ ਬਾਰੇ ਦਰਜ ਸ਼ਬਦਾਂ ਦਾ ਪੰਜਾਬੀ ਅਨੁਵਾਦ ਇਉਂ ਹੈ :

"ਪੰਜਾਬ ਦਾ ਵੰਡਾਰਾ ਹੋਣ ਤੋਂ ਪਹਿਲੋਂ ਅਤੇ ਉਸ ਪਿਛੋਂ ਵੀ ਸਿਖਾਂ ਨੂੰ ਜਿਨ੍ਹਾਂ ਅਤਿ ਦੁਖਦਾਈ ਘਟਨਾਵਾਂ ਦਾ ਸਾਹਮਣਾ ਹੋਇਆ ਹੈ, ਉਸ ਤੋਂ ਅਸੀਂ ਭਲੀ ਤਰ੍ਹਾਂ ਜਾਣੂੰ ਹਾਂ। ਪਛਮੀ ਪੰਜਾਬ ਅੰਦਰ ਉਸ ਸਮੇਂ ਹੋਈ ਤਬਾਹੀ ਵਿਚ ਉਨ੍ਹਾਂ ਦੀਆਂ ਕਿਤਨੀਆਂ ਹੀ ਕੀਮਤੀ ਜਾਨਾਂ ਗਈਆਂ ਅਤੇ ਬਹੁਤ ਵਡੇ ਪਦਾਰਥ ਦੀ ਹਾਨੀ ਹੋਈ, ਪਰ ਸਭ ਤੋਂ ਵਿਸ਼ੇਸ਼ ਦੁਖਦਾਈ ਘਟਨਾ ਜੋ ਸਿਖਾਂ ਪ੍ਰਤੀ ਵਾਪਰੀ, ਉਹ ਉਨ੍ਹਾਂ ਦੇ ਕਿਤਨੇ ਹੀ ਪਵਿੱਤਰ ਧਰਮ-ਅਸਥਾਨਾਂ ਤੋਂ ਉਨ੍ਹਾਂ ਦਾ ਵਿਛੋੜਿਆ ਜਾਣਾ ਸੀ।" [ਛਪੀ ਪੁਸਤਕ 'ਕਿਉਂ ਕੀਤੋ ਵੇਸਾਹੁ' 'ਚੋਂ

www.AKJ.Org

# ਗੁਰਮਤਿ ਰਹਿਤ ਰਹਿਣੀ (੨)

[ਪ੍ਰੋਫ਼ੈਸਰ ਗੁਰਮੁਖ ਸਿੰਘ ਜੀ]

ਗੁਰਮਤਿ ਰਹਿਤ ਰਹਿਣੀ (Sikh Wayof Life) ਦੇ ਕੁਝ ਆਪਣੇ ਨਿਯਮ ਹਨ, ਜੋ ਸਤਿਗੁਰਾਂ ਨੇ ਪਾਵਨ ਗੁਰਬਾਣੀ ਵਿਚ ਅੰਕਤ ਕੀਤੇ ਹਨ। ਹਥਲੇ ਲੇਖ ਦੀ ਪਹਿਲੀ ਕਿਸ਼ਤ ਵਿਚ ਸਿਖ ਆਚਰਣ ਲਈ ਸੱਚ, ਸੁਚ, ਦਇਆ ਅਤੇ ਖਿਮਾ ਤੇ ਵਿਚਾਰ ਕੀਤੀ ਗਈ ਸੀ। ਇਸੇ ਲੇਖ ਦੀ ਇਹ ਦੂਜੀ ਕਿਸ਼ਤ ਹੈ। ਰਹਿਤ ਦੇ ਦੋ ਸਰੂਪ ਹਨ : ਬਾਹਰਲਾ ਅਤੇ ਅੰਦਰਲਾ। ਰਹਿਤ ਰਹਿਣੀ ਦੇ ਇਸ ਲੇਖ ਦਾ ਮਨੋਰਥ ਅੰਦਰਲੀ ਰਹਿਤ ਤੇ ਚਾਨਣਾ ਪਾਉਣਾ ਹੈ। ਸਿਖ ਮਾਨਸਿਕਤਾ ਦੀ ਲੇਖ-ਲੜੀ ਦਾ ਇਹ ੧੨ਵਾਂ ਲੇਖ ਹੈ ਇਸ ਦੀ ਪਹਿਲੀ ਕਿਸ਼ਤ ਮਈ ੯੬ ਦੇ ਸੂਰੇ ਵਿਚ ਛੱਪ ਚੁਕੀ ਹੈ। —ਸੰਪਾਦਕ

---

ਸਿਖ ਦੀ ਗੁਰਮਤਿ ਅਨੁਸਾਰ ਰਹਿਤ ਰਹਿਣੀ ਦਾ ਆਧਾਰ ਕੇਵਲ ਗੁਰਬਾਣੀ ਹੈ, ਜਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਹਨ, ਜਿਸ ਵਿਚ ਭਾਈ ਸਾਹਿਬ ਨੇ ਸਤਿਗੁਰੂ ਸਾਹਿਬਾਨ ਦੇ ਆਸ਼ੇ-ਮਨੋਰਥਾਂ ਨੂੰ ਚੰਗੀ ਤਰ੍ਹਾਂ ਦ੍ਰਿੜ੍ਹ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਅੰਕਿਤ ਕਰ ਦਿਤਾ ਹੈ।

ਬਾਬਾ ਪੈਧਾ ਸਚਖੰਡਿ, ਨਉਨਿਧਿ ਨਾਮੁ ਗਰੀਬੀ ਪਾਈ ॥ [ਵਾਰ ੧, ਪਉੜੀ ੨੪

ਸਤਿਗੁਰੂ ਨਾਨਕ ਦੇਵ ਜੀ ਦੀ ਭਗਤੀ ਦੇ ਸੰਦਰਭ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਦੇਵ ਜੀ ਨੂੰ ਜਿਥੇ ਦਰਗਾਹ ਵਿਚੋਂ ਨਾਮ ਦੀ ਦਾਤਿ ਪ੍ਰਾਪਤ ਹੋਈ ਉਥੇ ਨਿੰਮ੍ਰਤਾ ਦੀ ਭੀ ਬਖਸ਼ਸ਼ ਹੋਈ। ਸਾਫ ਹੈ ਕਿ ਦਰਗਾਹ ਵਿਚ ਪਰਵਾਨ ਹੋਣ ਲਈ ਨਾਮ ਅਤੇ ਨਿੰਮ੍ਰਤਾ ਦੋਵੇਂ ਜ਼ਰੂਰੀ ਹਨ।

ਦਾਸਨ ਦਾਸੁ ਹੋਵੈ ਤਾ ਹਰਿ ਪਾਏ, ਵਿਚਹੁ ਆਪੁ ਗਵਾਈ ॥੧॥੩॥
(ਸੋਰਠਿ ਮ: ੩, ਪੰਨਾ ੬੦੦)

ਫਰੀਦ ਜੀ ਪੈਰਾਂ ਹੇਠ ਲਿਤਾੜੇ ਜਾਣ ਵਾਲੇ ਘਾਹ ਦਾ ਰੂਪਕ ਬੰਨ੍ਹ ਕੇ ਸਮਝਾਉਂਦੇ ਹਨ—

ਫਰੀਦਾ ਥੀਉ ਪਵਾਹੀ ਦਭੁ ॥ ਜੇ ਸਾਂਈ ਲੋੜਹਿ ਸਭੁ ॥
ਇਕੁ ਛਿਜਹਿ ਬਿਆ ਲਤਾੜੀਅਹਿ ॥ ਤਾਂ ਸਾਈ ਦੈ ਦਰਿ ਵਾੜੀਅਹਿ ॥੧੬॥
(ਸਲੋਕ ਫਰੀਦ ਜੀ—੧੩੭੮)

ਪਵਹੁ ਚਰਣਾ ਤਲਿ, ਊਪਰਿ ਆਵਹੁ, ਐਸੀ ਸੇਵ ਕਮਾਵਹੁ ॥
ਆਪਸ ਤੇ ਊਪਰਿ ਸਭ ਜਾਣਹੁ, ਤਉ ਦਰਗਹ ਸੁਖੁ ਪਾਵਹੁ ॥੧॥੨॥
(ਰਾਮਕਲੀ ਮ: ੫, ੮੮੩)

ਨਿੰਮ੍ਰਤਾ ਤਾਂ ਹੀ ਆ ਸਕਦੀ ਹੈ ਜੇ ਮਨ ਨੀਵਾਂ ਹੋਵੇ, ਮਤਿ ਉਚੀ ਹੋਵੇ। ਪੈਰ ਪੈਰ ਤੇ ਸਾਡੇ ਮਨ ਵਿਚ ਨਿੰਮ੍ਰਤਾ ਦੇ ਉਲਟ ਵਿਹਾਰ ਲਈ ਫੁਰਨੇ ਉਠਦੇ ਹਨ। ਪੈਸੇ ਦਾ ਮਾਣ, ਵਿਦਿਆ ਤੇ ਉਚੀ ਕੁਲ ਦਾ ਮਾਣ, ਸਮਾਜਿਕ ਰੁਤਬੇ ਦਾ ਮਾਣ, ਜੋਬਨ ਤੇ ਸੁੰਦਰਤਾ ਦਾ ਮਾਣ। ਇਹ ਸਭ ਉਚੇ ਉਚੇ ਪਹਾੜ ਹਨ, ਜਿਨ੍ਹਾਂ ਨੂੰ ਪਾਰ ਕਰਨ ਲਈ ਗੁਰਦੇਵ ਸਦਾ ਪ੍ਰੇਰਦੇ ਹਨ।

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ, ਗੁਰਮੁਖਿ ਨਿਮਾਣਾ ਹੋਹੁ ॥......
ਆਪਣੈ ਅਹੰਕਾਰਿ ਜਗਤੁ ਜਲਿਆ, ਮਤ ਤੂ ਆਪਣਾ ਆਪੁ ਗਵਾਵਹੇ ॥੭॥
(ਆਸਾ ਮ: ੩, ਪੰਨਾ ੪੪੧)



www.AKJ.Org

ਇਸੇ ਸੇਧ ਵਿਚ ਹੀ ਭਾਈ ਗੁਰਦਾਸ ਜੀ ਲਿਖਦੇ ਹਨ :–

ਗਰਬ ਗੁਮਾਨ ਵਿਸਾਰਿ ਕੈ, ਗੁਰਮਤਿ ਰਿਦੈ ਗਰੀਬੀ ਆਣੈ ॥
ਸਚੀ ਦਰਗਹ ਮਾਣੁ ਨਿਮਾਣੈ ॥ (ਵਾਰ ੨੫, ਪਉੜੀ ੧੧)

ਗੁਰੂ ਕੇ ਸਿਖ ਦੇ ਵਿਹਾਰ ਵਿਚ ਨਿੰਮ੍ਰਤਾ ਹੀ ਸੋਭਦੀ ਹੈ। ਅਜ ਆਮ ਲੋਕਾਂ ਨੂੰ ਸਹਜੇ ਸਹਜੇ ਸਿਖ ਦੀ ਤਸਵੀਰ ਵਿਚ ਖਾੜਕੂਪੁਣੇ ਦੀ ਬਹੁਤ ਝਲਕ ਪੈਂਦੀ ਹੈ, ਜਿਸ ਤੋਂ ਪ੍ਰਭਾਵ ਮਿਲਦਾ ਹੈ ਕਿ ਸਿਖ ਆਮ ਤੌਰ ਤੇ ਗੁਸੈਲਾ ਅਤੇ ਹੰਕਾਰਿਆ ਹੋਇਆ ਪ੍ਰਾਣੀ ਹੁੰਦਾ ਹੈ। ਇਹ ਕਿਉਂ ਹੋਇਆ ਅਤੇ ਕਦੋਂ ਤੋਂ ਹੋਇਆ ? ਲਗਦੈ ਕਿ ਦਸਵੇਂ ਪਾਤਸ਼ਾਹ ਤੋਂ ਮਗਰੋਂ ਮੁਗਲਾਂ ਨਾਲ ਤਕੜਾ ਲੋਹਾ ਲੈਣ ਸਮੇਂ ਖਾੜਕੂ ਸੁਭਾਅ ਨੇ ਸਿਖਾਂ ਵਿਚ ਜਨਮ ਲਿਆ। ਮੁਗਲ ਤੇ ਅੰਗਰੇਜ਼ ਤਾਂ ਆਪਣੀ ਮਿਆਦ ਪੂਰੀ ਕਰ ਕੇ ਚਲੇ ਗਏ। ਹੁਣ ਖਾਲਸਾ ਅੱਜ ਆਪੋ ਵਿਚ ਹੀ ਖਾੜਕੂ ਸੁਭਾਅ ਅਧੀਨ ਖੜਕ ਰਿਹਾ ਹੈ। ਗੁਰੂ ਮਿਹਰ ਕਰੇ। ਖਾੜਕੂ ਸੁਭਾਅ ਕਿਉਂ ਬਣਿਆ ? ਇਹ ਸਮੇਂ ਦੀ ਮੰਗ ਸੀ। ਪਰ ਸਿਖ-ਮਾਨਸਿਕਤਾ ਵਿਚੋਂ ਨਾਮ-ਬਾਣੀ ਦਾ ਤੇਲ ਮੁਕ ਗਿਆ ਹੈ, ਬਾਹਰਲੇ ਚਿੰਨ੍ਹ ਤਾਂ ਕਾਇਮ ਹਨ, ਪਰ ਅੰਦਰ ਸਹਜ ਦਾ ਝਲਕਾਰਾ ਨਾ ਹੋਣ ਕਰਕੇ "ਖੜਕੇ-ਖੜਕ" ਵਿਚ ਹੀ ਸਮੁਚੀ ਕੌਮ ਦੀ ਵਿਹਾ ਰਹੀ ਹੈ। ਹੁਣ ਹਾਲਤ ਇਹ ਹੈ ਕਿ ਸਿਖ ਪਾਸ ਨਾ ਤਾਂ ਨਾਮ ਹੈ ਅਤੇ ਨਾ ਹੀ ਗਰੀਬੀ। ਨਿਸ਼ਾਨਾ ਸਾਡਾ "ਨਉਨਿਧਿ ਨਾਮੁ" ਅਤੇ "ਗਰੀਬੀ" ਪ੍ਰਾਪਤ ਕਰਨ ਦਾ ਹੈ। ਅਹੰਕਾਰ ਅਤੇ ਕ੍ਰੋਧ ਦੋ ਮਹਾਨ ਵੈਰੀ ਹਨ, ਜੋ ਕੇਵਲ ਨਾਮ ਅਤੇ ਨਿੰਮ੍ਰਤਾ ਨਾਲ ਹੀ ਜਿਤੇ ਜਾ ਸਕਦੇ ਹਨ। ਇਸ ਲਈ ਸਿਖ ਨੇ ਜਿਥੇ ਨਾਮ ਅਭਿਆਸ ਕਮਾਈ ਕਰਨੀ ਹੈ ਉਥੇ ਉਸ ਨੇ ਆਪਣੇ ਜੀਵਨ ਵਿਚ ਇਸ ਗੱਲ ਦਾ ਭੀ ਅਭਿਆਸ ਕਰਨਾ ਹੈ :–

ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥੭॥ (ਮਾਰੂ ਮ: ੧, ਪੰਨਾ ੯੯੧)
ਹਾਰਿ ਚਲੇ ਗੁਰਮੁਖਿ ਜਗ ਜੀਤਾ ॥ (ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੧)

ਖਿਮਾ ਅਤੇ ਨਿੰਮ੍ਰਤਾ ਦੇ ਨਾਲ ਮਿੱਠਾ ਬੋਲਣਾ ਭੀ ਸਿਖ ਆਚਾਰ ਦਾ ਅੰਗ ਹੈ। ਜੋ ਸਿਖ ਬਾਣੀ ਪੜ੍ਹਦਾ ਹੈ, ਉਸ ਨੂੰ ਮਿਠਾਸ ਦੀ ਗੁੜ੍ਹਤੀ ਸਹਿਜ ਸੁਭਾਏ ਮਿਲ ਜਾਂਦੀ ਹੈ। ਪਰ ਬਾਣੀ ਪੜ੍ਹਨ ਪੜ੍ਹਨ ਵਿਚ ਫ਼ਰਕ ਹੈ। ਕਈ ਤਾਂ ਰਸਨਾ ਨਾਲ ਪੜ੍ਹ ਛੱਡਦੇ ਹਨ, ਪਰ ਉਸਦੀ ਮਿਠਾਸ ਅਤੇ ਰਸ ਨੂੰ ਅੰਦਰ ਹਿਰਦੈ ਤਕ ਨਹੀਂ ਜਾਣ ਦਿੰਦੇ। ਪਰ ਜਿਨ੍ਹਾਂ ਸੁਭਾਗੇ ਗੁਰਮੁਖਾਂ ਦੇ ਧੁਰ ਅੰਦਰ ਬਾਣੀ ਪਰਵੇਸ਼ ਕਰ ਜਾਂਦੀ ਹੈ, ਉਨ੍ਹਾਂ ਦੇ ਅੰਦਰੋਂ ਕੌੜਾ ਬੋਲ ਨਿਕਲ ਹੀ ਨਹੀਂ ਸਕਦਾ। ਉਨ੍ਹਾਂ ਨੂੰ ਅੰਦਰੋਂ ਗਿਆਨ ਹੋ ਜਾਂਦਾ ਹੈ :–

ਫਰੀਦਾ, ਖਾਲਕੁ ਖਲਕ ਮਹਿ, ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ, ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥ (ਮ: ੫, ਪੰਨਾ ੧੩੮੧)
ਨਾਨਕ ਫਿਕੈ ਬੋਲਿਐ, ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ, ਫਿਕੇ ਫਿਕੀ ਸੋਇ ॥
ਫਿਕਾ ਦਰਗਹ ਸਟੀਐ, ਮੁਹਿ ਥੁਕਾਂ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥੧॥੨੦॥ (ਆਸਾ ਕੀ ਵਾਰ, ਪੰਨਾ ੪੭੩)

ਮੰਦਾ ਜਾਂ ਫਿਕਾ ਬੋਲਣਾ ਗੁਰਮਤਿ ਅਨੁਕੂਲ ਨਹੀਂ। ਐਸੇ ਪੁਰਖ ਨੂੰ ਗੁਰਮੁਖ ਤਾਂ ਕੀ ਆਖਣਾ ਸੀ, ਸਗੋਂ ਮੂਰਖ ਆਖਿਆ ਗਿਆ ਹੈ ਤੇ ਉਸਨੂੰ ਸਚੀ ਦਰਗਾਹ ਵਿਚ ਥਾਂ ਤਾਂ ਕੀ ਮਿਲਣੀ ਹੈ, ਉਲਟਾ ਸਜ਼ਾ ਮਿਲਦੀ ਹੈ ਕੌੜੇ ਬੋਲ ਬੋਲਣ ਕਰਕੇ। ਇਸ ਲਈ ਇਹ ਤਿੰਨ ਗੁਣ : ਖਿਮਾ, ਨਿੰਮ੍ਰਤਾ ਅਤੇ ਮਿਠਾ ਬੋਲਣਾ ਸਿਖ ਰਹਿਤ ਰਹਿਣੀ ਦੇ ਬੁਨਿਆਦੀ ਅੰਗ ਹਨ। ਬਾਬਾ ਫਰੀਦ ਜੀ ਫੁਰਮਾਉਂਦੇ ਹਨ :–

ਨਿਵਣੁ ਸੁ ਅਖਰੁ, ਖਵਣੁ ਗੁਣੁ, ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥ (ਪੰਨਾ ੧੩੮੪)

ਫਰੀਦ ਜੀ ਦੇ ਉਪਰੋਕਤ ਪ੍ਰਮਾਣ ਨੂੰ ਆਮ ਤੌਰ ਤੇ ਸਿਖ ਜਗਤ ਵਿਚ ਰਾਗੀ ਸਿੰਘ ਕੇਵਲ ਬੀਬੀ ਦੇ



www.AKJ.Org

ਅਨੰਦ ਕਾਰਜ ਸਮੇਂ ਇਕ ਯੋਗ ਸਿਖਿਆ ਵਜੋਂ ਦਿੰਦੇ ਹਨ। ਵਿਚਾਰਨ ਵਾਲੀ ਗੱਲ ਹੈ ਕਿ ਉਪਰੋਕਤ ਤਿੰਨੇ ਹੀ ਗੁਣ ਇਕ ਸਚਿਆਰ ਸਿਖ ਲਈ ਲਾਜ਼ਮੀ ਹਨ।

ਅਮਲੀ ਤੌਰ ਤੇ ਇਹ ਤਾਂ ਹਰ ਸਿਖ ਦੀ ਆਪੋ ਆਪਣੀ ਅਭਿਆਸ ਕਮਾਈ ਹੈ। ਗੁਰੂ ਕੇ ਸਿਖ ਨੂੰ ਗੁਰਮਤਿ ਰਹਿਤ ਰਹਿਣੀ ਦੀਆਂ ਸੰਭਾਵਨਾਵਾਂ ਅਤੇ ਲੋੜੀਂਦੇ ਤੱਤਾਂ ਦਾ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ। ਜੇ ਵਿਚਾਰ ਕਰਕੇ ਵਿਹਾਰ ਨਹੀਂ ਕਰਦੇ ਤਾਂ ਲੇਬਲ ਜ਼ਰੂਰ ਸਿਖ ਦਾ ਲਗਾ ਹੋਵੇਗਾ, ਪਰ ਅੰਦਰੋਂ ਉਹ ਸਿਖ ਸੰਸਾਰੀ ਬਿਰਤੀ ਵਾਲਾ ਬਣਿਆ ਰਹੇਗਾ। ਅੰਮ੍ਰਿਤ ਛੱਕ ਕੇ, ਨਾਮ ਅਭਿਆਸ ਦੀਆਂ ਅਤੁਟ ਕਮਾਈਆਂ ਤਾਂ ਹੀ ਸਫਲ ਹਨ ਜੇਕਰ ਸਾਡੇ ਅੰਦਰ ਨਿੰਮ੍ਰਤਾ, ਮਿਠਾਸ ਅਤੇ ਖਿਮਾ ਜਿਹੇ ਉਤਮ ਗੁਣ ਭੀ ਪ੍ਰਵੇਸ਼ ਕਰ ਜਾਣ।

ਸਿਖ ਰਹਿਤ ਰਹਿਣੀ ਦੀ ਵਿਚਾਰ ਕਰਦਿਆਂ ਇਕ ਅੰਤਮ ਚੀਜ਼ ਹੈ ਆਪਣੇ ਗੁਰੂ ਲਈ ਅਤੁਟ ਭੈ-ਭਾਵਨੀ, ਅਦਬ ਸਤਿਕਾਰ ਅਤੇ ਪ੍ਰੇਮ। ਪਹਿਲਾਂ ਅਦਬ ਸਤਿਕਾਰ ਦੇ ਅਰਥ-ਭਾਵ ਸਮਝਣ ਦਾ ਜਤਨ ਕਰੀਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਪਰਤਖ ਭਾਸੇ, ਪਰਗਟ ਪਹਾਰੇ ਅੰਦਰੋਂ ਮਹਿਸੂਸ ਹੋਵੇ। ਇਸੇ ਸੇਧ ਵਿਚ ਸਾਡਾ ਵਿਵਹਾਰ ਬਣੇ, ਇਹ ਹੈ ਅਦਬ, ਭੈ, ਸਤਿਕਾਰ। ਹਜ਼ੂਰੀ ਵਿਚ ਅਦਬ ਨਾਲ ਸਜਣਾ, ਅਦਬ ਨਾਲ ਬੋਲਣਾ, ਸਤਿਗੁਰੂ ਜੀ ਵਲੋਂ ਦੁਖ ਸੁਖ ਦੇ ਜੋ ਭਾਣੇ ਵਰਤਾਏ ਜਾਣ, ਉਨ੍ਹਾਂ ਵਿਚ ਅਦਬ ਅਤੇ ਪੂਰਨ ਵਿਸ਼ਵਾਸ਼ ਵਿਚ ਅਸਥਿਰ ਰਹਿਣਾ, ਤੇ ਆਪਣੇ ਆਪ ਨੂੰ ਡਿਗਣ-ਡੋਲਣ ਨਾ ਦੇਣਾ, ਇਹ ਹੈ ਸੱਚੀ ਭੈ-ਭਾਵਨੀ।

ਭਾਈ ਨੰਦ ਲਾਲ ਜੀ ਭੀ ਇਹੋ ਅਰਦਾਸ ਕਰਦੇ ਹਨ—

ਐ ਖ਼ੁਦਾ, ਹਰ ਬੇ-ਅਦਬ ਰਾ ਦੇ ਅਦਬ ॥

ਅੱਜ ਗੁਰਦੁਆਰਿਆਂ ਵਿਚ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਸਿਖ ਇਕ ਦੂਜੇ ਦੀਆਂ ਪੱਗਾਂ ਲਾਹੁਣ ਤਕ ਜਾਂਦੇ ਹਨ; ਇਸ ਤੋਂ ਸੰਕੇਤ ਮਿਲਦਾ ਹੈ ਕਿ ਸਿਖ ਦੀ ਰਹਿਤ ਰਹਿਣੀ ਗੁਰਮਤਿ ਵਾਲੀ ਨਹੀਂ ਰਹੀ। ਉਹ ਸੰਸਾਰੀ ਪ੍ਰਾਣੀ ਤਾਂ ਹੈ, ਪਰ ਸਿਖ ਨਹੀਂ। ਭੈ-ਭਾਵਨੀ ਵਾਲਾ ਗੁਰਸਿਖ ਜਦੋਂ ਭੀ ਬੋਲਦਾ ਹੈ, ਗੁਰੂ ਦੀ ਹਜ਼ੂਰੀ ਵਿਚ ਬੜੇ ਸਲੀਕੇ ਨਾਲ, ਸੋਹਣੇ ਮਿੱਠੇ ਬੋਲਾਂ ਵਿਚ ਮਿਠਾਸ ਖਲੇਰਦਾ ਹੈ। ਜੇ ਸਿਖ ਨੂੰ ਆਪਣੇ ਗੁਰੂ ਦਾ ਹੀ ਭੈ ਨਹੀਂ ਤਾਂ ਉਸਨੂੰ ਕਿਸੇ ਦਾ ਡਰ ਨਹੀਂ। ਤਾਂ ਹੀ ਤਾਂ ਸਤਿਗੁਰੂ ਜੀ ਫੁਰਮਾਉਂਦੇ ਹਨ :—

ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥ (ਗਉੜੀ ਮ: ੧, ਪੰਨਾ ੧੫੧)

ਜਿਨ੍ਹਾਂ ਦੀ ਗੁਰ-ਭਗਤੀ ਭੈ ਤੋਂ ਰਹਿਤ ਹੈ, ਉਹ ਬਿਲਕੁਲ ਹੀ ਕਚੀ ਭਗਤੀ ਹੈ ਤੇ ਅਜਿਹਾ ਸਿੱਖ ਕੱਚਾ ਸਿਖ ਹੈ। ਅਗੋਂ ਉਸਦੀ ਔਲਾਦ ਭੀ ਉਸੇ ਕੱਚੇ ਸਾਂਚੇ ਵਿਚੋਂ ਜਨਮ ਲੈਂਦੀ ਹੋਈ ਕਚੇ ਸਿਖ ਹੀ ਅਖਵਾਉਣਗੇ। ਅੱਜ ਕਚ-ਨਿਕਚ ਸਿਖਾਂ ਦੀ ਗਿਣਤੀ ਕਿਉਂ ਵਧ ਰਹੀ ਹੈ? ਕਾਰਨ ਬੜਾ ਸਪਸ਼ਟ ਹੈ, ਗੁਰੂ ਦਾ ਭੈ ਮਨ ਵਿਚੋਂ ਨਿਕਲ ਚੁਕਾ ਹੈ। ਅਸੀਂ ਰਸਮੋ-ਰਸਮੀ ਗੁਰੂ ਵਾਲੇ ਬਣਨ ਦਾ ਜਤਨ ਕਰ ਰਹੇ ਹਾਂ। ਕੀ ਪਿਤਾ ਸਤਿਗੁਰੂ ਜੀ ਸਾਡੇ ਅੰਦਰ ਦੀ ਝੂਠੀ-ਮੂਠੀ ਰਹਿਤ ਰਹਿਣੀ ਜਾਣਦੇ ਨਹੀਂ? ਸਭ ਕਿਛ ਜਾਣਦੇ ਹਨ—

ਹਰਿ ਕਰਤਾ ਸਭੁ ਕਿਛੁ ਜਾਣਦਾ, ਸਿਰਿ ਰੋਗ ਹਥੁ ਦੀਜੈ ॥੪॥੧੮॥ (ਆਸਾ ਮ: ੪, ਪੰਨਾ ੪੫੦)

ਅਤੇ— ਸਭੁ ਕਛੁ ਜਾਨੈ ਆਤਮ ਕੀ ਰਹਤ ॥੮॥੫॥ (ਸੁਖਮਨੀ—੨੬੯)

ਮਨੁਖ ਇਕ ਸਮਾਜਕ ਪ੍ਰਾਣੀ ਹੈ। ਸਮਾਜ ਵਿਚ ਰਹਿਣ ਲਈ ਹਰ ਮਨੁਖ ਆਪਣੇ ਭਾਈਚਾਰੇ ਦੀਆਂ ਖੁਸ਼ੀਆਂ ਲੈਣ ਦਾ ਜਤਨ ਕਰਦਾ ਹੈ। ਉਹ ਭਾਈਚਾਰੇ ਦੀ ਦੰਦ-ਕਥਾ ਤੋਂ ਇਤਨਾ ਡਰਦਾ ਹੈ ਕਿ ਉਸ ਨੂੰ ਬਹੁਤੀ ਵੇਰ ਆਪਣੇ ਸੁਭਾਉ ਨੂੰ ਲੋਕ-ਰੀਤ ਅਨੁਸਾਰ ਬਦਲਣਾ ਪੈਂਦਾ ਹੈ। ਉਸਦਾ ਖਾਨ-ਪਾਨ ਵਰਤਣ ਵਰਤਾਣ, ਬਸਤਰ ਪਹਿਰਣ ਆਦਿ ਲੋਕ-ਰੀਤ ਦੇ ਅਨਕੂਲ ਹੀ ਹੁੰਦਾ ਹੈ। ਉਹ ਹਮੇਸ਼ਾ ਲੋਕਾਂ ਨੂੰ ਖੁਸ਼ ਰਖਣ ਅਤੇ ਅੰਦਰੋ-ਅੰਦਰੀ ਮਨ-ਮਰਜ਼ੀ ਕਰਨ ਦਾ ਹੋਲੀ ਹੋਲੀ ਆਦੀ ਬਣ ਜਾਂਦਾ ਹੈ, ਜਾਂ ਇਉਂ ਕਹੋ ਕਿ ਉਹ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋਣ ਦਾ ਪਖੰਡ ਕਬੂਲ ਕਰਕੇ ਜੀਵਨ ਵਿਚ ਵਿਚਰਦਾ ਹੈ।

ਸਿੱਖ ਨੇ ਗੁਰਮਤਿ ਧਾਰਨ ਕਰ ਕੇ ਪਖੰਡੀ ਜੀਵਨ ਤੋਂ ਬਚਣਾ ਹੈ। ਸੰਸਾਰੀ ਹਮੇਸ਼ਾ ਇਹੋ ਸੋਚਦਾ ਹੈ, 'ਜੇ ਮੈਂ



www.AKJ.Org

ਇਉਂ ਕੀਤਾ ਤਾਂ ਲੋਕੀ ਕੀ ਆਖਣਗੇ ?'

ਪਰ ਬਲਿਹਾਰ ਜਾਈਐ ਉਹਨਾਂ ਗੁਰਸਿਖਾਂ ਦੇ, ਜੋ ਦੁਨਿਆਵੀ ਵਿਵਹਾਰਾਂ ਕਾਰਾਂ ਵਿਚ ਇਹ ਸੋਚਦੇ ਹਨ, "ਮੇਰਾ ਗੁਰੂ ਕੀ ਆਖੇਗਾ ?" ਗੁਰਮਤਿ ਰਹਿਤ ਰਹਿਣੀ ਦੀ ਪਰਵਾਹ ਨਾ ਕਰਕੇ, ਲੋਕਾਂ ਨੂੰ ਖੁਸ਼ ਕਰਕੇ ਅਸੀਂ ਆਪਣੇ ਗੁਰੂ ਦੀ ਹਜ਼ੂਰੀ ਵਿਚ ਕਿਸ ਮੂੰਹ ਨਾਲ ਜਾਵਾਂਗੇ ?

ਬਾਬਾ ਫਰੀਦ ਜੀ ਬੜਾ ਸੁੰਦਰ ਸੁਝਾਅ ਦਿੰਦੇ ਹਨ :–

ਫਰੀਦਾ, ਜਿਨੀ ਕੰਮੀ ਨਾਹਿ ਗੁਣ, ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥੫੯॥ (ਪੰਨਾ ੧੩੮੧)

ਗੁਰਦੇਵ ਸਤਿਗੁਰੂ ਜੀ ਭੀ ਇਹੋ ਸਿਧਾਂਤਕ ਗੱਲ ਇਉਂ ਸਮਝਾਉਂਦੇ ਹਨ :–

ਜੇਹਾ ਘਾਲੇ ਘਾਲਣਾ, ਤੇਵੇਹੋ ਨਾਉ ਪਚਾਰੀਐ ॥
ਐਸੀ ਕਲਾ ਨ ਖੇਡੀਐ, ਜਿਤੁ ਦਰਗਹ ਗਇਆਂ ਹਾਰੀਐ ॥੧੨॥ (ਪੰਨਾ ੪੬੯)

ਸਪਸ਼ਟ ਹੈ, ਇਕ ਸੰਸਾਰੀ ਨੇ ਹਮੇਸ਼ਾ ਲੋਕਾਂ ਦੀਆਂ ਖੁਸ਼ੀਆਂ ਅਤੇ 'ਵਾਹ ਵਾਹ' ਲੈਣੀ ਹੁੰਦੀ ਹੈ । ਇਹੋ ਉਸਦਾ ਅੰਤਮ ਆਦਰਸ਼ ਹੈ ਅਤੇ ਇਸੇ ਨਾਲ ਹੀ ਉਹ ਸੰਸਾਰ ਵਿਚ ਕਾਮਯਾਬ ਮਨੁਖ ਹੋ ਕੇ ਨਿਬੜਦਾ ਹੈ । ਪਰ ਇਕ ਰਹਿਤਵਾਨ ਸਿਖ ਦੇ ਆਸ਼ੇ-ਮਨੋਰਥਾਂ ਵਿਚ ਅਤੇ ਇਕ ਸੰਸਾਰੀ ਦੇ ਮਨੋਰਥਾਂ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਹੈ । ਗੁਰੂ ਕੇ ਸਿਖ ਨੇ ਸਦਾ ਉਹ ਕੰਮ ਕਰਨਾ ਹੈ ਜਿਸ ਨਾਲ ਉਸਦੇ ਗੁਰੂ ਪਾਤਸ਼ਾਹ ਦੀਆਂ ਖ਼ੁਸ਼ੀਆਂ ਤੇ ਅਸੀਸਾਂ ਪ੍ਰਾਪਤ ਹੋਣ ਅਤੇ ਕੀਤੇ ਕੰਮ ਨਾਲ ਉਸ ਨੂੰ ਤ੍ਰੈਗੁਣੀ ਮਾਇਆ ਦੀ ਮੈਲ ਨਾ ਲਗੇ ।

ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥੧॥ਰਹਾਉ॥ (ਗਉੜੀ ਮ: ੫–੧੯੯)

ਬਸ ਇਹੋ ਇਕ ਬੁਨਿਆਦੀ ਅੰਤਰ ਹੈ ਸਿਖ ਰਹਿਤ ਰਹਿਣੀ ਦਾ, ਜੋ ਸਿਖ ਨੂੰ ਸੰਸਾਰੀ ਹੁੰਦੇ ਹੋਏ ਭੀ ਸੰਸਾਰੀ ਨਹੀਂ ਬਣਨ ਦਿੰਦਾ । ਇਸੇ ਗੱਲ ਨੂੰ ਮੁਖ ਰੱਖ ਕੇ ਬਾਣੀ ਅੰਦਰ ਫੁਰਮਾਨ ਆਇਆ ਹੈ :–

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥੧੬॥ (ਮਾਝ ਕੀ ਵਾਰ ਮ: ੧–੧੪੫)

ਸਿਖ ਇਕ ਭਗਤ ਹੈ । ਸੰਸਾਰ ਵਿਚ ਰਹਿੰਦਾ ਜ਼ਰੂਰ ਹੈ, ਪਰ ਉਸਦਾ ਨਿਸ਼ਾਨਾ ਕੇਵਲ ਸੰਸਾਰ ਵਿਖੇ ਪੁਗ-ਖਲੋਣਾ ਨਹੀਂ, ਬਲਕਿ ਇਸ ਤੋਂ ਅਗਲੀ ਖੇਡ ਵਿਚ ਪੁਗਣਾ ਹੈ । ਹਲਤਮੁਖੀ ਹੁੰਦੇ ਹੋਏ ਵੀ ਸਿਖ ਦਾ ਨਿਸ਼ਾਨਾ ਪਲਤ ਲਈ ਇਥੇ ਰਹਿ ਕੇ ਹੀ ਤਿਆਰੀ ਕਰਨੀ ਹੈ । ਸੰਸਾਰ ਵਿਚੋਂ ਹਰ ਇਕ ਨੇ ਤੁਰ ਜਾਣਾ ਹੈ । ਅਗੋਂ ਕੀਤੇ ਕੰਮਾਂ ਅਨੁਸਾਰ ਹੀ ਆਤਮਕ ਵਿਕਾਸ ਦੀ ਪਉੜੀ ਚੜ੍ਹਨੀ ਹੈ । ਪੰਚਮ ਸਤਿਗੁਰੂ ਜੀ ਸਿਰੀ ਰਾਗ ਬਾਣੀ ਵਿਚ ਬੜੇ ਪ੍ਰੇਮ ਨਾਲ ਸਮਝਾਉਂਦੇ ਹਨ ।–ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ ॥

ਜਿਥੈ ਜਾਇ ਤੁਧੁ ਵਰਤਣਾ, ਤਿਸ ਕੀ ਚਿੰਤਾ ਨਾਹਿ ॥
ਫਾਥੇ ਸੇਈ ਨਿਕਲੇ ਜਿ ਗੁਰ ਕੀ ਪੈਰੀ ਪਾਹਿ ॥੩॥ (ਪੰਨਾ ੪੩)

ਇਸ ਸੰਸਾਰ ਦੀ ਮਾਇਆ-ਫਾਸ ਵਿਚੋਂ ਉਹੀ ਨਿਕਲਦੇ ਹਨ ਜੋ ਗੁਰੂ ਪਾਤਸ਼ਾਹ ਦੀਆਂ ਅਸੀਸਾਂ ਤੇ ਖ਼ੁਸ਼ੀਆਂ ਲੈਂਦੇ ਹਨ ।

ਭੈ, ਅਦਬ, ਸਤਿਕਾਰ ਦੇ ਨਾਲ ਨਾਲ ਗੁਰੂ ਪਾਤਸ਼ਾਹ ਲਈ ਸਿਖ ਹਿਰਦੇ ਵਿਚ ਅਤੁਟ ਪਿਆਰ ਹੁੰਦਾ ਹੈ । ਹਰ ਸਿਖ ਦੇ ਆਪਣੇ ਅੰਦਰ ਗੁਰੂ ਪਾਤਸ਼ਾਹ ਲਈ ਪਿਆਰ ਦੀ ਇਕ ਡੂੰਘਾਈ ਹੁੰਦੀ ਹੈ । ਜਿਉਂ ਜਿਉਂ ਪਿਆਰ ਡੂੰਘਾ ਹੁੰਦਾ ਜਾਂਦਾ ਹੈ ਤਿਉਂ ਤਿਉਂ ਸਿਖ ਦੀ ਰਹਿਤ ਰਹਿਣੀ ਵਿਚ ਨਿਖਾਰ ਆਉਂਦਾ ਜਾਂਦਾ ਹੈ । ਤਿਉਂ ਤਿਉਂ ਉਹ ਇਹ ਲਭਣ ਦਾ ਜਤਨ ਕਰਦਾ ਹੈ ਕਿ ਸੱਚੇ ਸੁਚੇ ਵਿਹਾਰ ਲਈ ਗੁਰੂ ਆਸ਼ਾ ਕੀ ਹੈ । ਗੁਰਬਾਣੀ ਉਸਦੀ ਸਦਾ ਅਗਵਾਈ ਕਰਦੀ ਹੈ ।

ਇਹ ਵਿਚਾਰਨ ਵਾਲੀ ਗੱਲ ਹੈ ਕਿ ਸਿਖ ਦੇ ਨਿਤ ਦੇ ਕਰਮ-ਧਰਮ, ਕਿਤੇ ਰਸ-ਹੀਨ ਕਰਮ ਹੀ ਨਾ ਬਣ ਕੇ ਰਹਿ ਜਾਣ । ਹੱਠ ਨਾਲ ਕੀਤੇ ਕੰਮ ਜਾਂ ਚੱਟੀ-ਬੱਧੇ ਕੰਮ ਕਿਸੇ ਲੇਖੇ ਨਹੀਂ । ਆਤਮਕ ਵਿਕਾਸ ਲਈ ਖੇੜੇ ਵਿਚ



www.AKJ.Org

ਕੀਤਾ ਨਾਮ ਅਭਿਆਸ ਅਤੇ ਬਾਣੀ-ਅਭਿਆਸ ਹੀ ਸਹਾਈ ਹੁੰਦੇ ਹਨ, ਬਾਕੀਆਂ ਬਾਰੇ ਗੁਰੂ ਪਾਤਸ਼ਾਹ ਹੀ ਜਾਣਦੇ ਹਨ। ਲੋਕਾਂ ਨੂੰ ਵਿਖਾ ਵਿਖਾ ਕੇ ਕੀਤੇ ਜਾਂਦੇ ਸਾਰੇ ਧਰਮ-ਕਰਮਾਂ ਬਾਰੇ ਗੁਰਬਾਣੀ ਵਿਚ ਇਉਂ ਅੰਕਤ ਹੈ :–

ਜਿਨਿ ਆਤਮ ਤਤੁ ਨ ਚੀਨਿਆ ॥ ਸਭ ਫੋਕਟ ਧਰਮ ਅਬੀਨਿਆ ॥੫॥੧॥ (੧੩੫੧)

ਗੱਲ ਇਥੇ ਮੁਕਦੀ ਹੈ ਕਿ ਸਿੱਖ ਲਈ ਗੁਰੂ ਪਾਤਸ਼ਾਹ ਨੇ ਜੋ ਰਹਿਤ ਮਰਯਾਦਾ ਇਕ ਵਾਰੀ ਬੰਨ੍ਹ ਦਿੱਤੀ ਹੈ, ਉਸ ਨੂੰ ਸਿੱਖ ਨੇ ਸਿਰ ਮੱਥੇ ਪਿਆਰ ਸਹਿਤ ਕਬੂਲ ਕਰਨਾ ਹੈ, ਕਿਉਂਕਿ ਪਿਆਰ ਹੀ ਇਕ ਅਜਿਹੀ ਵਡਮੁਲੀ ਵਸਤੂ ਹੈ ਜੋ ਸਿਖ ਨੂੰ ਗੁਰੂ ਨਾਲ ਜੋੜੀ ਰਖਦੀ ਹੈ। ਜੇ ਸਿੱਖ ਦੇ ਹਿਰਦੇ ਵਿਚ ਪਿਆਰ ਨਹੀਂ ਤਾਂ ਫਿਰ ਕੁਝ ਵੀ ਨਹੀਂ–

ਅੰਦਰੁ ਖਾਲੀ ਪ੍ਰੇਮ ਬਿਨੁ, ਢਹਿ ਢੇਰੀ ਤਨੁ ਛਾਰੁ ॥੧॥੧੫॥ (ਸਿਰੀ ਰਾਗੁ ਮ: ੧, ਪੰਨਾ ੬੨)

ਗੁਰੂ-ਪ੍ਰੇਮ ਤੋਂ ਬਿਨਾਂ ਸਿੱਖ ਹਿਰਦਾ ਸਦਾ ਖ਼ਾਲੀ ਖ਼ਾਲੀ ਰਹੇਗਾ। ਗੁਰ-ਇਤਿਹਾਸ ਵਲ ਝਾਤ ਮਾਰਿਆਂ ਸੋਚ ਆਉਂਦੀ ਹੈ ਕਿ ਆਖ਼ਰ ਉਹ ਕੀ ਚੀਜ਼ ਸੀ ਜਿਸ ਨੇ ਸਿੱਖਾਂ ਨੂੰ ਗੁਰੂ ਲਈ, ਅਤੇ ਗੁਰੂ-ਅਸਥਾਨਾਂ ਦੀ ਪਵਿਤਰਤਾ ਲਈ ਸਭ ਕੁਝ ਕੁਰਬਾਨ ਕਰਨ ਲਈ ਪ੍ਰੇਰਿਆ। ਬੰਦ ਬੰਦ ਕਟਵਾਉਣਾ, ਚਰਖੜੀਆਂ ਤੇ ਚੜ੍ਹ ਕੇ ਤੂੰਬਾ ਤੂੰਬਾ ਉਡਵਾ ਕੇ ਕੁਰਬਾਨ ਹੋ ਜਾਣਾ, ਹਸ ਹਸ ਕੇ ਸ਼ਹੀਦੀਆਂ ਪਾਉਣੀਆਂ ਕੋਈ ਮਾਮੂਲੀ ਖੇਡ ਨਹੀਂ, ਪਰ ਗੁਰਸਿਖਾਂ ਨੇ ਉਹ ਕੁਝ ਕਰ ਦਿਖਾਇਆ ਜੋ ਆਮ ਸੰਸਾਰੀਆਂ ਲਈ ਅਸੰਭਵ ਸੀ। ਅਤੇ ਅੱਜ ਭੀ ਮੌਜੂਦਾ ਮਾਦਾਪ੍ਰਸਤੀ ਦੇ ਜ਼ਬਰਦਸਤ ਪ੍ਰਭਾਵ ਦੇ ਬਾਵਜੂਦ ਅਨੇਕਾਂ ਗੁਰੂ ਕੇ ਪਿਆਰਿਆਂ ਨੇ ਆਪਣੇ ਗੁਰੂ ਪਾਤਸ਼ਾਹ ਨਾਲ ਪਿਆਰ ਦੀਆਂ ਪੀਂਘਾਂ ਪਾਈਆਂ ਤੇ ਆਪਣੀਆਂ ਜਾਨਾਂ ਤੇ ਖੇਲ ਗਏ। ਸਿਖ ਰਹਿਤ ਰਹਿਣੀ ਕੇਵਲ ਗੁਰੂ ਲਈ ਭੈ-ਭਾਵਨੀ ਦੇ ਆਸਰੇ ਟਿੱਕੀ ਹੋਈ ਹੈ, ਜੇ ਕਿਸੇ ਸਮੇਂ ਅੰਦਰੋਂ ਪ੍ਰੀਤ ਖ਼ਤਮ ਹੋ ਗਈ ਤਾਂ ਸਿਖ ਰਹਿਤ ਰਹਿਣੀ ਦਾ ਬਾਹਰਮੁਖੀ ਸਰੂਪ ਵਿਗੜ ਜਾਵੇਗਾ। ਹੁਣ ਤਕ ਸਿਖ ਦੀ ਅੰਦਰਲੀ ਰਹਿਤ ਤੇ ਵਿਚਾਰ ਕਰਦਿਆਂ ਸਚ, ਦਇਆ, ਖਿਮਾ, ਗਰੀਬੀ, ਮਿੱਠਾ ਬੋਲਣਾ, ਅਤੇ ਗੁਰੂ ਲਈ ਪ੍ਰੇਮ ਤੇ ਵਿਚਾਰ ਕੀਤੀ ਗਈ ਹੈ। ਸੰਤਖ ਇਸ ਲੜੀ ਦੀ ਅੰਤਮ ਕੜੀ ਹੈ। ਸੰਤੋਖ ਬਾਰੇ ਤਾਂ ਬਾਣੀ ਵਿਚ ਬੇਅੰਤ ਸੰਕੇਤ ਹਨ। ਇਥੇ ਕੇਵਲ ਟੂਕ ਮਾਤਰ ਹੀ ਦਿਤੇ ਜਾਂਦੇ ਹਨ।

ਜੇਤਾ ਦੇਹਿ ਤੇਤਾ ਹਉ ਖਾਉ ॥ ਬਿਆ ਦਰੁ ਨਾਹੀ ਕੈ ਦਰਿ ਜਾਉ ॥੩॥੩੧॥

(ਸਿਰੀਰਾਗੁ ਮ: ੧–ਪੰਨਾ ੨੫)

ਜਿਤਨਾ ਮਿਲ ਜਾਏ ਉਸੇ ਤੇ ਸੰਤੁਸ਼ਟ ਰਹਿਣਾ ਅਤੇ ਲੋਭ ਨਹੀਂ ਕਰਨਾ। ਸਦਾ ਸ਼ੁਕਰ ਵਿਚ ਰਹਿਣਾ, ਇਹ ਹੈ ਸੰਤੋਖ। ਸੰਤੋਖ ਦੋ ਚੀਜ਼ਾਂ ਸਿਖ ਦੇ ਹਿਰਦੇ ਅੰਦਰ ਪੈਦਾ ਕਰਦਾ ਹੈ–ਪਹਿਲੀ ਚੀਜ਼ ਹੈ ਸ਼ੁਕਰ ਵਿਚ ਰਹਿਣਾ, ਅਥਵਾ, ਰਜ਼ਾ ਵਿਚ ਰਹਿਣਾ। ਦੂਸਰੀ ਚੀਜ਼ ਹੈ ਲੋਭ ਲਾਲਚ ਤੋਂ ਬਚੇ ਰਹਿਣਾ। ਸਿਖ ਨੇ ਉਪਰੋਕਤ ਗੁਣਾਂ ਨੂੰ ਧਾਰਨ ਕਰ ਕੇ ਪੰਜੇ ਮਹਾਂਬਲੀਆਂ ਨਾਲ ਅੰਦਰੋ ਅੰਦਰੀ ਘੋਲ ਕਰਦੇ ਰਹਿਣਾ ਹੈ। ਪੱਛਮੀ ਵਿਦਿਆ ਦੀ ਮਾਇਕ ਦੋੜ ਨੇ ਸਿਖ ਨੂੰ ਲੋਭੀ ਬਣਾ ਦਿੱਤਾ ਹੈ। ਉਸਦੇ ਮੁਨਾਫ਼ੇ ਦੀ ਕੋਈ ਸੀਮਾ ਨਹੀਂ ਰਹੀ। ਉਸ ਦੇ ਅੰਦਰੋਂ ਸੰਤੋਖ ਉਡ ਗਿਆ ਹੈ। ਮਾਇਆ ਕਾਰਨ ਸਭ ਦੌੜ ਭਜ ਸਾਡੇ ਪੱਲੇ ਰਹਿ ਗਈ ਹੈ।

ਸੰਤੋਖ ਇਕ ਮਹਾਨ ਤੱਪ ਹੈ। ਨਵਾਬ ਕਪੂਰ ਸਿੰਘ ਨਵਾਬੀ ਨੂੰ ਤੁੱਛ ਸਮਝਦਾ ਸੀ। ਅਜ ਦਾ ਸਿੱਖ ਵਜ਼ੀਰੀਆਂ ਮਗਰ ਕਿਵੇਂ ਦੌੜਿਆ ਫਿਰਦਾ ਹੈ ? ਦੋਵੇਂ ਪ੍ਰਕਾਰ ਦੇ ਸਿੱਖਾਂ ਵਿਚਾਲੇ ਕੇਵਲ ੧੫੦ ਸਾਲ ਦੀ ਵਿੱਥ ਹੈ। ਨਵਾਬ ਕਪੂਰ ਸਿੰਘ ਸੰਤੋਖੀ ਸੂਰਮਾ ਸੀ, ਈਰਖਾ ਤੋਂ ਉਪਰ ਸੀ। ਅੱਜ ਦਾ ਸਿਖ ਆਪਣੇ ਅੰਦਰ ਝਾਤ ਮਾਰੇ। ਕਈ ਵਾਰੀ ਇਸ ਪ੍ਰਸ਼ਨ ਤੇ ਵਿਚਾਰ ਹੁੰਦੀ ਹੈ ਕਿ ਕੀ ਗੁਰੂ ਸਾਹਿਬਾਨ ਨੇ ਖਾਲਸੇ ਦਾ ਜੋ ਆਦਰਸ਼ ਸੰਸਾਰ ਸਾਹਮਣੇ ਪੇਸ਼ ਕੀਤਾ ਸੀ ਉਸ ਵਿਚ ਰਾਜ ਕਰਨ ਦੀ ਭੁਖ ਪਾਈ ਸੀ ? ਗੁਰਬਾਣੀ ਸਿੱਖ ਨੂੰ ਕਿਸੇ ਛੋਟੇ ਮੋਟੇ ਇਲਾਕੇ ਦਾ ਰਾਜਾ ਜਾ ਮੁਖ ਮੰਤਰੀ ਬਨਾਣਾ ਨਹੀਂ ਲੋਚਦੀ, ਬਲਕਿ ਸਿਖ ਨੂੰ ਸਾਰੀ ਸ੍ਰਿਸ਼ਟੀ ਦਾ ਰਾਜਾ ਵਿਸ਼ਵ-ਜੇਤੂ ਬਨਾਣਾ ਚਾਹੁੰਦੀ ਹੈ, ਪਰ ਸੰਤੋਖੀ ਸਿੱਖ ਨੂੰ। ਲੋਭੀ ਸਿਖ ਨੂੰ ਨਹੀਂ। ਉਸਦੀ ਤਸਵੀਰ ਉਲੀਕੀ ਗਈ ਹੈ–ਟੁਟੀ ਫੁਟੀ ਝੁਗੀ ਵਿਚ ਸ਼ੁਕਰ ਵਿਚ ਵਸਦਾ ਮਨੁਖ, ਸਮੁਚੇ ਜਗਤ ਦਾ ਰਾਜਾ ਹੈ ਜੇਕਰ ਉਸਦਾ ਮਨ ਹਰਿ ਨਾਮ ਨਾਲ ਭਿਜਾ ਹੋਇਆ ਹੈ। ਇਹ ਕੋਈ ਗੱਲ ਨਹੀਂ ਕਿ ਉਸਦੀ ਜਾਤਿ ਨੀਵੀਂ ਹੈ, ਉਸਦੇ ਮਿਤਰ ਨਹੀਂ ਹਨ, ਉਚ ਕੁਲ ਦੇ ਸਾਕ ਸੰਬੰਧੀ



www.AKJ.Org

ਨਹੀਂ ਹਨ– ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥
ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥
ਮਿਤ੍ਰ ਨ ਇਠ, ਧਨ, ਰੂਪ ਹੀਣ, ਕਿਛੁ ਸਾਕੁ ਨ ਸਿਨਾ ॥
**ਰਾਜਾ ਸਗਲੀ ਸ੍ਰਿਸਟਿ ਕਾ** ਹਰਿ ਨਾਮਿ ਮਨੁ ਭਿੰਨਾ ॥੭॥ (ਪੰਨਾ ੭੦੭)

ਅੱਜ ਸਿੱਖ, ਗੁਰੂ-ਆਸ਼ੇ ਤੋਂ ਲਾਂਭੇ ਹੋ ਕੇ ਸਿਆਸਤ ਦੀ ਦੌੜ ਵਿਚ ਹੋਰਨਾਂ ਸੰਸਾਰੀਆਂ ਨਾਲ ਕਦਮ ਮਿਲਾ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਬੜੀਆਂ ਘਾਲਣਾਂ ਘਾਲ ਕੇ ਸਿਖ ਰਾਜ ਸਥਾਪਤ ਕੀਤਾ, ਪਰ ਅਚਾਰ-ਵਿਹਾਰ ਵਿਚ ਡਿਗ ਜਾਣ ਕਰਕੇ ੪੦ ਵਰ੍ਹਿਆਂ ਦੀ ਕਰੜੀ ਘਾਲ ਥੋੜੇ ਚਿਰਾਂ ਵਿਚ ਹੀ ਖ਼ਤਮ ਹੋ ਗਈ। ਆਖ਼ਰ ਕਿਉਂ ? ਕਿਉਂਕਿ– ਪੀਸਨੁ ਪੀਸਿ ਓਢਿ ਕਾਮਰੀ, ਸੁਖੁ ਮਨੁ ਸੰਤੋਖਾਏ ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥੪੧॥(੭੪੫)

ਉਪਰੋਕਤ ਸ਼ਬਦ ਦਾ ਸਮੁਚਾ ਭਾਵ ਇਹੋ ਹੈ ਕਿ ਸੰਸਾਰਕ ਸੁਖ, ਐਸ਼ਵਰਜ, ਰਾਜ-ਪ੍ਰਾਪਤੀ ਕਿਸ ਅਰਥ, ਜਿਸ ਨਾਲ ਪਿਆਰਾ ਪ੍ਰੀਤਮ ਵਿਸਰ ਜਾਏ। ਅਨੰਦ ਕੇਵਲ ਗਰੀਬੀ ਵਿਚ ਅਤੇ ਸਾਧੂ ਦੀ ਸੰਗਤ ਵਿਚ ਹੈ। ਇਹਨਾਂ ਦੋਹਾਂ ਅਵਸਥਾਵਾਂ ਵਿਚ ਪ੍ਰਭੂ ਚੇਤੇ ਰਹਿੰਦਾ ਹੈ। ਜਿਥੇ ਗੁਰਸਿਖੀ ਦਾ ਆਦਰਸ਼ ਹੋਵੇ–'ਗਰੀਬੀ ਗਦਾ ਹਮਾਰੀ॥੧॥(੬੨੮) ਉਥੇ ਵਜ਼ੀਰੀਆਂ ਲਈ ਦੌੜ ਜਚਦੀ ਨਹੀਂ। ਇਸ ਤੋਂ ਪਰਤੀਤ ਹੁੰਦਾ ਹੈ ਕਿ ਅਜੋਕੇ ਸਿੱਖ ਦੇ ਮਨ ਅੰਦਰ ਜਿਥੇ ਨਾਮ ਅਭਿਆਸ ਦੀ ਘਾਟ ਆਈ ਹੈ ਉਥੇ ਸਬਰ ਸੰਤੋਖ ਤੋਂ ਭੀ ਸਿਖ ਹਿਰਦਾ ਹੌਲੀ ਹੌਲੀ ਸਖਣਾ ਹੁੰਦਾ ਦਿਸਦਾ ਹੈ। ਸਚੇ ਪਾਤਸ਼ਾਹ ਆਪਣੇ ਸਿਖ ਨੂੰ ਹੋਰ ਸੰਸਾਰੀਆਂ ਵਾਂਗ ਕੁਰਸੀ-ਚੱਕਰ ਵਿਚ ਨਹੀਂ ਫਸਣ ਦਿੰਦੇ। ਵਿਸ਼ਵ-ਜੇਤੂ ਖਾਲਸੇ ਨੂੰ ਛੋਟੀਆਂ ਮੋਟੀਆਂ ਵਜ਼ੀਰੀਆਂ ਪਿਛੇ ਦੌੜੇ ਫਿਰਨਾ ਸੋਭਦਾ ਨਹੀਂ।

---

# ਰੂਹਾਨੀਅਤ ਵਾਲੀ ਖਾਲਸਾ ਕੌਮੀਅਤ

ਗੁਰੂ ਨਾਨਕ ਸਾਹਿਬ ਜੀ ਨੇ ਦੇਸ-ਦੇਸਾਂਤਰਾਂ ਵਿਚ ਰਟਨ ਕਰ ਕੇ ਫੇਰ ਨੌਂ ਜਾਮੇ ਧਾਰ, ਅਧਿਕਾਰੀ ਯੋਗ ਰੂਹਾਂ ਅੰਦਰ ਸੱਚੀ ਅਤੇ ਸਦਾ ਕਾਇਮ ਰਹਿਣ ਵਾਲੀ ਰੂਹਾਨੀਅਤ ਭਰੀ। ਫੇਰ ਦਸਵੇਂ ਜਾਮੇ ਅੰਦਰ ਖ਼ੁਦ-ਪ੍ਰਸਤੀ ਤੇ ਮਾਦਾ-ਪ੍ਰਸਤੀ ਤੋਂ ਸਾਫ਼ ਮੁਬੱਰਾ (ਪਾਕ) ਖਾਲਸਾ ਧਰਮੀ ਤੇ ਪਰਉਪਕਾਰੀ ਪੁਰਸ਼ਾਂ ਦੀ, ਸਾਰੀ ਸ੍ਰਿਸ਼ਟੀ ਦਾ ਭਲਾ ਚਾਹੁਣ, ਭਲਾ ਦੇਖਣ ਤੇ ਭਲਾ ਕਰਨ ਵਾਲੀ ਖਾਲਸਾ ਕੌਮ ਸਾਜੀ ਅਤੇ ਇਸ ਤਰ੍ਹਾਂ ਰੂਹਾਨੀਅਤ ਵਾਲੀ ਖਾਲਸਾ ਕੌਮੀਅਤ ਦੀ ਨੀਂਹ ਰਖੀ। ਪਰ ਨਿਰਾ ਰਾਜ ਭਾਗ ਭੁਗਤਾਉਣ ਹਿਤ ਨਹੀਂ, ਸਗੋਂ 'ਜੀਅ ਦਾਨੁ ਦੇ ਭਗਤੀ' ਲਾਉਣ ਹਿਤ, ਅਕਾਲ ਪੁਰਖ ਨਾਲ ਮੇਲ ਮਿਲਾਉਣ ਹਿਤ, ਆਤਮਿਕ ਔਜ ਦੀ ਰੂਹਾਨੀਅਤ ਦ੍ਰਿੜ੍ਹਾਇ ਕੇ, ਖਾਲਸਾ ਜਨਾਂ ਦੇ ਰੋਮ ਰੋਮ ਅੰਦਰ ਇਹ ਰੂਹਾਨੀਅਤ ਗੁਮਕਾ ਕੇ, ਪਰਉਪਕਾਰੀ ਜਨ ਬਣਾ ਕੇ, ਸੱਚੀ ਸ੍ਰੇਸ਼ਟ ਅਤੇ ਖਾਲਸ ਤੱਤ ਕੌਮੀਅਤ ਦੀ ਸਾਜਣਾ ਸਾਜੀ। ਨਿਰੀ ਸ੍ਵਰਾਜ ਦੀ ਇੱਛਾ ਲਈ ਨਹੀਂ, ਸਗੋਂ ਧਰਮ ਦਾ ਰਾਜ ਬਿਥਾਰਨ ਲਈ, ਜ਼ੁਲਮ ਤੇ ਦੁਸ਼ਟ ਦੀ ਜੜ੍ਹ ਉਖਾੜਨ ਲਈ। ਰਾਜ-ਕਾਮਨਾ ਤੋਂ ਰਹਿਤ ਨਿਰੋਲ ਧਰਮ ਉਪਕਾਰ ਦਾ ਔਜ-ਪ੍ਰਮਾਰਥੀ ਅਤੇ ਆਤਮ-ਸੁਤੰਤਰੀ ਹਲੇਮੀ ਰਾਜ ਵਿਥਾਰਨ ਲਈ ਏਸ ਰੂਹਾਨੀਅਤ ਸੰਜੀਵਨੀ ਕੌਮੀਅਤ ਦੀ ਅਬਚਲ ਨੀਂਹ ਰਖੀ।

[ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਲੇਖ' ਚੋਂ



www.AKJ.Org

# ਪੂਜਾ ਦਾ ਧਾਨ

''ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥''

[ਆਸਾ ਮ: ੩ ਪਟੀ—੪੩੫

(ਵੱਲੋਂ—ਸ: ਤੇਗ ਬਹਾਦਰ ਸਿੰਘ ਜੀ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਦਰਬਾਰ ਸਜਿਆ ਹੋਇਆ ਹੈ। ਸੰਗਤਾਂ ਦੂਰੋਂ ਨੇੜਿਓਂ ਆ ਕੇ ਜੁੜੀਆਂ ਹੋਈਆਂ ਹਨ। ਇਉਂ ਲੱਗਦਾ ਹੈ ਜਿਵੇਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਉਤਸਵ (ਪ੍ਰਕਾਸ਼) ਹੋਵੇ ਜਾਂ ਵਿਸਾਖੀ ਦਾ ਤਿਉਹਾਰ ਜਾਂ ਖਾਲਸੇ ਦਾ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੋਵੇ। ਇਸ ਦਰਬਾਰ ਅੰਦਰ ਸੰਗਤ ਬਹੁਤ ਹੁਮ ਹੁਮਾ ਕੇ ਇਕੱਤਰ ਹੋਈ ਹੋਈ ਹੈ ਤੇ ਸਾਹਿਬ ਸੱਚੇ ਪਾਤਸ਼ਾਹ ਦਰਬਾਰ ਵਿਚ ਤਖ਼ਤ ਉਤੇ ਸੁਸ਼ੋਭਤ ਹਨ।

''ਆਸਾ ਦੀ ਵਾਰ'' ਦੇ ਕੀਰਤਨ ਤੋਂ ਬਾਅਦ ਸ਼ਬਦ-ਵੀਚਾਰ ਵੀ ਹੋ ਚੁੱਕੀ ਹੈ। ਕੜਾਹ ਪ੍ਰਸ਼ਾਦ ਦੀ ਦੇਗ ਵਰਤ ਰਹੀ ਹੈ, ਸੰਗਤ ਸਾਰੀ ਅਜੇ ਜੁੜੀ ਬੈਠੀ ਹੈ। ਅਚਾਨਕ ਇਕ ਸਿੰਘ ਗਰਮੀ ਗਰਮੀ ਹੋਇਆ ਸਿਰ ਤੇ ਲੋਹੇ ਦੀ ਗਾਗਰ ਚੁਕੀ ਆਉਂਦਾ ਹੈ। ਬੜੇ ਅਦਬ ਸਤਿਕਾਰ ਨਾਲ ਸਤਿਗੁਰ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਗਾਗਰ ਨੂੰ ਲਾਹ, ਮੱਥਾ ਟੇਕ, ਫਤਹ ਗਜਾ ਕੇ ਸੰਗਤ ਵਿਚ ਬੈਠ ਜਾਂਦਾ ਹੈ। ਗੁਰਮਤਿ ਸੰਬੰਧੀ ਵਿਚਾਰਾਂ ਹੋ ਰਹੀਆਂ ਹਨ ਅਤੇ ਸੰਗਤਾਂ ਸਤਿਗੁਰਾਂ ਦੇ ਅਨਮੋਲ ਬਚਨਾਂ ਦੁਆਰਾ ਲਾਭਾਇਮਾਨ ਹੋ, ਨਿਹਾਲੋ ਨਿਹਾਲ ਹੋ ਰਹੀਆਂ ਹਨ।

ਇਕ ਸਿੰਘ ਜੋ ਸਰੀਰਕ ਤੌਰ ਤੇ ਕੁਝ ਕਮਜ਼ੋਰ ਹੈ, ਉਸਦੀ ਨਜ਼ਰ ਹਜ਼ੂਰੀ ਵਿਚ ਧਰੀ ਪਈ ਉਸ ਗਾਗਰ ਤੇ ਟਿਕ ਜਾਂਦੀ ਹੈ, ਅਤੇ ਲਾਲਚ-ਵਸ ਹੋ ਕੇ ਮਨ ਵਿਚ ਸੋਚਦਾ ਹੈ, ਕਿ ਜੇ ਇਸ ਗਾਗਰ ਵਿਚ ਘੀ ਹੋਵੇ, ਸਾਹਿਬ ਸੱਚੇ ਪਾਤਸ਼ਾਹ, ਘਟ ਘਟ ਦੇ ਜਾਨਣਹਾਰ, ਮੈਂ ਗਰੀਬ ਤੇ ਤਰੁਠ ਪੈਣ ਤੇ ਬਖਸ਼ਿਸ਼ ਕਰਨ। ਇਹ ਘੀ ਦਾ ਦੇਗਚਾ ਮੈਨੂੰ ਹੀ ਬਖਸ਼ ਦੇਣ ਤੇ ਮੈਂ ਘੀ ਖਾ ਕੇ ਆਪਣੀ ਸਿਹਤ ਬਣਾ ਲਵਾਂ ਤਾਂ ਕਿੰਨਾ ਚੰਗਾ ਹੋਵੇ। ਲਾਲਚ-ਵਸ ਹੋਇਆ ਉਹ ਸਿੰਘ ਮਨ ਹੀ ਮਨ ਵਿਚ ਦਲੀਲਾਂ ਕਰ ਰਿਹਾ ਸੀ।

ਗੁਰੂ ਸਾਹਿਬ ਨੇ ਆਵਾਜ਼ ਦਿੱਤੀ ਕਿ ਭਾਈ ਕਰਮ ਸਿੰਘ ਜੀ, ਸਾਵਧਾਨ ਹੋ ਕੇ ਸੰਗਤਾਂ ਨੂੰ ਦਰਸ਼ਨ ਦਿਉ, ਤੇ ਆਪਣੇ ਮਨ ਦੀਆਂ ਭਾਵਨਾਂਵਾਂ ਦਾ ਪ੍ਰਗਟਾਵਾ ਸੰਗਤ ਦੀ ਹਜ਼ੂਰੀ ਵਿਚ ਕਰੋ। ਮਨ ਵਿਚ ਨੱਪੀ ਰੱਖਣ ਦਾ ਕੋਈ ਲਾਭ ਨਹੀਂ। ਉਹ ਸਿੰਘ ਗੁਰੂ ਸਾਹਿਬ ਸਚੇ ਪਾਤਸ਼ਾਹ ਦੀ ਅਵਾਜ਼ ਸੁਣ ਕੇ ਡਰ ਜਿਹਾ ਗਿਆ ਤੇ ਉੱਠ ਖਲੋਤਾ, ਪਰ ਮੂੰਹੋਂ ਕੁਝ ਨਾ ਬੋਲਿਆ। ਤਾਂ ਗੁਰੂ ਸਾਹਿਬ ਨੇ ਆਪ ਹੀ ਪੁਛਿਆ ਕਿ ਗੁਰਮੁਖਾ! ਕੀ ਗੱਲ ਹੈ, ਬੈਠਾ ਮਨ ਹੀ ਮਨ ਵਿਚ ਕੀ ਗੋਂਦਾਂ ਗੁੰਦ ਰਿਹਾ ਹੈਂ? ਬੜਾ ਮਾੜੂਆ ਜਿਹਾ ਦਿਸਦਾ ਹੈਂ? ਕੀ ਤੈਨੂੰ ਘੀ ਚਾਹੀਦਾ ਹੈ? ਜੇਕਰ ਘੀ ਦਾ ਜ਼ਿਆਦਾ ਹੀ ਇਛਕ ਹੈਂ ਤਾਂ ਲੈ ਜਾ ਇਹ ਗਾਗਰ, ਪਰ ਜੋ ਕਹਾਣੀ ਇਸ ਘੀ ਦਾ ਪਿਛੋਕੜ ਹੈ, ਘੀ ਲਿਜਾਣ ਤੋਂ ਪਹਿਲਾਂ ਉਹ ਸੁਣ ਕੇ ਵਿਚਾਰ ਕਰ ਲਵੀਂ।

ਗੁਰੂ ਸਾਹਿਬ ਨੇ ਉਸ ਸਿੰਘ ਨੂੰ, ਜਿਹੜਾ ਘੀ ਦੀ ਗਾਗਰ ਲਿਆਇਆ ਸੀ, ਅਵਾਜ਼ ਦਿਤੀ ਕਿ ਭਾਈ ਧਰਮ ਸਿੰਘ ਜੀ, ਤੁਸੀਂ ਭੀ ਸੰਗਤ ਨੂੰ ਸਨਮੁੱਖ ਦੀਦਾਰੇ ਬਖਸ਼ੋ ਤੇ ਚਾਨਣਾ ਪਾਉਣ ਦੀ ਕਿਰਪਾ ਕਰੋ ਕਿ ਇਹ ਘਿਉ ਦੀ ਗਾਗਰ ਤੁਸੀਂ ਕਿਉਂ ਲੈ ਕੇ ਆਏ ਹੋ? ਤੁਹਾਡੇ ਭੀ ਨਿਕੇ ਨਿਕੇ ਬੱਚੇ ਹਨ, ਆਪ ਭੀ ਗਰੀਬ ਜਾਪਦੇ ਹੋ, ਫਿਰ ਘਿਉ ਲਿਆਉਣ ਦੀ ਕਾਹਨੂੰ ਖੇਚਲ ਕਰਨੀ ਸੀ? ਇਥੇ ਤਾਂ ਅਕਾਲ ਪੁਰਖ ਦੀ ਪਹਿਲਾਂ ਹੀ ਬੜੀ ਬਖਸ਼ਿਸ਼ ਹੈ।

ਉਹ ਸਿੰਘ ਬੜਾ ਨਿਮਾਣਾ ਜਿਹਾ ਹੋ ਕੇ, ਗਲ ਵਿਚ ਪੱਲਾ ਪਾ ਕੇ, ਸੰਗਤ ਵਿਚ ਖਲੋ ਜਾਂਦਾ ਹੈ। ਬੜੀ ਅਧੀਨਗੀ, ਆਜਜ਼ੀ ਤੇ ਸ਼ਰਧਾ-ਵੱਸ ਹੋ ਕੇ ਆਖਣ ਲੱਗਾ, ''ਸੱਚੇ ਪਾਤਸ਼ਾਹ! ਮੇਰਾ ਮੂੰਹ ਛੋਟਾ ਹੈ, ਗੱਲ ਵੱਡੀ ਹੈ, ਤੁਸੀਂ ਘਟ ਘਟ ਦੇ ਜਾਨਣਹਾਰ ਹੋ। ਮੈਂ ਕੀ ਦੱਸਾਂ? ਤੁਸੀਂ ਤਾਂ ਆਪ ਜਾਣੀ ਜਾਣ ਹੋ, ਸੱਚੇ ਪਿਤਾ ਜੀ, ਮੈਂ ਤਾਂ



www.AKJ.Org

ਗਰੀਬ ਹਾਂ, ਨਾਚੀਜ਼ ਹਾਂ। ਆਪ ਜੀ ਦਾਤਾ ਹੋ, ਮੈਂ ਤਾਂ ਤੁਹਾਡੇ ਦਰ ਦਾ ਭਿਖਾਰੀ ਹਾਂ, ਇਹ ਤਾਂ ਆਪ ਜੀ ਨੇ ਹੀ ਮੈਂ ਗਰੀਬ ਤੇ ਬਖਸ਼ਿਸ਼ ਕੀਤੀ ਹੈ, ਮੈਨੂੰ ਅਰੋਗ ਕੀਤਾ ਹੈ, ਮੈਂ ਤਾਂ ਸੁੱਖਣਾ ਲੈ ਕੇ ਆਇਆ ਹਾਂ।

''ਸੱਚੇ ਪਾਤਸ਼ਾਹ, ਮੈਂ ਕੀ ਦਸਾਂ, ਮੈਂ ਤਾਂ ਕੋਹੜੀ ਸਾਂ, ਮੇਰੇ ਹੱਥ ਪੈਰ ਕੋਹੜ ਨਾਲ ਗਲੇ ਪਏ ਸਨ, ਮੇਰੇ ਕੋਲੋਂ ਹਰ ਕੋਈ ਗਿਲਾਨੀ ਕਰਦਾ ਸੀ। ਮੈਂ ਆਪਣੇ ਆਪ ਨਾ ਕੁਝ ਖਾ ਸਕਦਾ ਸੀ, ਨਾ ਪੀ ਸਕਦਾ ਤੇ ਨਾ ਹੀ ਚਲ ਫਿਰ ਸਕਦਾ ਸੀ। ਗੱਲ ਕੀ, ਮੇਰੀ ਬਹੁਤ ਭੈੜੀ ਹਾਲਤ ਸੀ। ਮੇਰਾ ਗੁਆਂਢੀ ਭਾਈ ਗੁਰਦੇਵ ਸਿੰਘ ਮੈਨੂੰ ਬਹੁਤ ਪਿਆਰ ਕਰਦਾ ਸੀ, ਉਹ ਤਾਂ ਜਾਣੋ ਮੇਰੇ ਤੇ ਕੁਰਬਾਨ ਹੋਣ ਲਈ ਹਰ ਵੇਲੇ ਤਿਆਰ ਰਹਿੰਦਾ ਸੀ। ਉਹ ਮੇਰੇ ਦੁੱਖ ਨੂੰ ਦੇਖ ਕੇ ਬਰਦਾਸ਼ਤ ਨਹੀਂ ਕਰ ਸਕਿਆ। ਉਹ ਆਪ ਮੇਰੀ ਖ਼ਾਤਰ, ਆਪ ਜੀ ਦੇ ਚਰਨਾਂ ਵਿਚ ਮਿੰਨਤਾਂ, ਅਰਜੋਈਆਂ, ਅਰਦਾਸਾਂ ਤੇ ਜੋਦੜੀਆਂ ਹਰ ਵਕਤ ਕਰਦਾ ਰਹਿੰਦਾ ਸੀ, ਅਤੇ ਮੈਨੂੰ ਭੀ ਪ੍ਰੇਰਦਾ ਰਹਿੰਦਾ ਸੀ ਕਿ ਤੂੰ ਭੀ ਅਕਾਲ ਪੁਰਖ ਦੀ ਹਜ਼ੂਰੀ ਵਿਚ ਅਰਦਾਸਾਂ ਕਰਿਆ ਕਰ ਕਿ ਤੈਨੂੰ ਦੇਹ ਅਰੋਗਤਾ ਦੀ ਦਾਤ ਮਿਲੇ। ਉਹਨੇ ਹੀ ਮੈਨੂੰ ਦਲੀਲ ਦਿਤੀ ਕਿ ਤੂੰ ਘੀ ਦੀ ਗਾਗਰ ਸੁੱਖ ਲੈ, ਤਾਂ ਜੁ ਤੇਰਾ ਪਾਰ ਉਤਾਰਾ ਹੋ ਜਾਵੇ। ਨਾਮ ਸਿਮਰਨ ਕਰਿਆ ਕਰ। ਸੱਚੇ ਪਾਤਸ਼ਾਹ, ਮੈਂ ਉਸ ਦੇ ਕਹਿਣ ਅਨੁਸਾਰ ਇਹ ਸਭ ਕੁਝ ਕੀਤਾ ਹੈ ਅਤੇ ਆਪ ਜੀ ਦੀ ਗਰੀਬ-ਨਿਵਾਜੀ ਦਾ ਸਦਕਾ ਮੈਂ ਨੌ-ਬਰ-ਨੌ ਹੋ ਗਿਆ ਹਾਂ। ਇਸੇ ਲਈ ਇਹ ਘੀ ਦੀ ਗਾਗਰ ਜੋੜ ਕੇ ਨੰਗੇ ਪੈਰੀਂ ਟੁਰ ਕੇ ਹਜ਼ੂਰ ਦੇ ਚਰਨ ਕੰਵਲਾਂ ਵਿਚ ਆ ਹਾਜ਼ਰ ਹੋਇਆ ਹਾਂ। ਸੱਚੇ ਪਾਤਸ਼ਾਹ, ਮੈਂ ਕੀ ਕਰਨ ਜੋਗਾ ਹਾਂ। ਜੋ ਆਪ ਕਰਾਉਂਦੇ ਹੋ, ਦਾਸਰਾ ਕਰੀ ਜਾਂਦਾ ਹੈ। ਸਚੇ ਪਿਤਾ ਜੀ, ਇਹ ਸਭ ਆਪ ਜੀ ਦੀ ਹੀ ਕਿਰਪਾ ਹੈ। ਆਪ ਜੀ ਦੇ ਚਰਨਾਂ ਦਾ ਪ੍ਰਤਾਪ ਹੈ, ਮੈਂ ਗਰੀਬ ਤਾਂ ਜ਼ਰੂਰ ਹਾਂ, ਪਰ ਜੋ ਮੇਰੇ ਮਨ ਦਾ ਸੰਕਲਪ ਸੀ ਉਸ ਨੂੰ ਭੀ ਪੂਰਾ ਕਰਨਾ ਜ਼ਰੂਰੀ ਸੀ, ਸੋ ਆਪ ਜੀ ਦੀ ਕਿਰਪਾ ਦੁਆਰਾ ਸਾਰੇ ਕੋਰਜ ਰਾਸ ਹੋ ਗਏ ਹਨ।''

ਸਤਿਗੁਰ ਜੀ ਬੋਲੇ, ਕਿਉਂ ਭਾਈ ਕਰਮ ਸਿੰਘ ਜੀ, ਸੁਣ ਲਿਆ, ਕਿ ਇਸ ਗਾਗਰ ਵਿਚ ਕੀ ਹੈ ? ਭਾਈ ਕਰਮ ਸਿੰਘ ਨੇ ਕਿਹਾ, ਸੱਚੇ ਪਾਤਸ਼ਾਹ, ਭਾਈ ਧਰਮ ਸਿੰਘ ਨੇ ਸਾਫ਼ ਲਫਜ਼ਾਂ ਵਿਚ ਦੱਸ ਤਾਂ ਦਿੱਤਾ ਹੈ ਕਿ ਇਸ ਗਾਗਰ ਵਿਚ ਘੀ ਹੈ। ਸਤਿਗੁਰ ਜੀ ਫਿਰ ਬੋਲੇ, ਹਾਂ, ਇਹ ਘੀ ਹੈ, ਨਹੀਂ ਨਹੀਂ, ਗੁਰਮੁਖਾ ! ਤੂੰ ਭੁਲਦਾ ਹੈਂ, ਇਹ ਘੀ ਨਹੀਂ, ਇਹ ਤਾਂ ਕੋਹੜ ਹੈ ਕੋਹੜ, ਜਿਹੜਾ ਕਿ ਭਾਈ ਧਰਮ ਸਿੰਘ ਨੇ ਸੁਖਿਆ ਸੀ। ਜੇ ਮੇਰਾ ਕੋਹੜ ਹਟ ਜਾਵੇ ਤਾਂ ਮੈਂ ਘੀ ਦੀ ਗਾਗਰ ਭਰ ਕੇ ਗੁਰੂ ਕਿਆਂ ਦੀ ਭੇਟ ਕਰਾਂ। ਸੋ ਭਾਈ ਗੁਰਮੁਖਾ ! ਇਹ ਕੋਹੜ ਦੀ ਗਾਗਰ ਹੈ, ਜੇਕਰ ਤੂੰ ਲੈ ਕੇ ਜਾਣੀ ਹੈ ਤਾਂ ਲੈ ਜਾ, ਸਾਨੂੰ ਕੋਈ ਉਜ਼ਰ ਨਹੀਂ। ਜੀ ਸਦਕੇ ਲੈ ਜਾ। ਪਰ ਇਹ ਘੀ ਖਾ ਕੇ ਕੋਹੜੀ ਹੋ ਜਾਵੇਂਗਾ, ਫਿਰ ਨਾ ਆਖੀਂ ਕਿ ਮੈਨੂੰ ਗੁਰੂ ਜੀ ਨੇ ਦਸਿਆ ਨਹੀਂ।

ਗੁਰਮੁਖਾ ! ਐਥੇ ਸੰਗਤ ਵਿਚ ਇਸ ਘੀ ਨਾਲ ਦੇਗਾਂ ਸਜਣਗੀਆਂ, ਪ੍ਰਸ਼ਾਦੇ ਚੋਪੜੇ ਜਾਣਗੇ, ਦਾਲ ਸਬਜ਼ੀ ਨੂੰ ਤੜਕੇ ਲਗਣਗੇ, ਇਸਤਰ੍ਹਾਂ ਸਭ ਸੰਗਤ ਵਿਚ, ਕਿਣਕਾ ਕਿਣਕਾ ਕਰਕੇ ਸਾਰਾ ਘੀ ਵਰਤ ਜਾਵੇਗਾ। ਕਿਸੇ ਦੇ ਫਿਨਸੀ ਹੋਵੇਗੀ, ਕਿਸੇ ਨੂੰ ਬੁਖਾਰ, ਕਿਸੇ ਨੂੰ ਕੁਛ। ਗੱਲ ਕੀ ਸਾਰਾ ਕੋਹੜ ਸੰਗਤ ਵਿਚ ਵਰਤ ਜਾਵੇਗਾ, ਕਿਸੇ ਨੂੰ ਉਚੇਚੀ ਤਕਲੀਫ਼ ਨਹੀਂ ਹੋਵੇਗੀ, ਬਲਕਿ ਭਾਈ ਧਰਮ ਸਿੰਘ ਦਾ ਕੋਹੜ ਸਾਰੀ ਸੰਗਤ ਵਿਚ ਵੰਡਿਆ ਜਾਵੇਗਾ। ਜੇ ਗੁਰਮੁਖਾ, ਤੈਨੂੰ ਕੋਹੜ ਚਾਹੀਦਾ ਹੈ ਤਾਂ ਤੂੰ ਹੀ ਸਾਰਾ ਘੀ ਲੈ ਜਾ।

ਭਾਈ ਕਰਮ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ! ਅਸੀਂ ਤਾਂ ਗ੍ਰਿਹਸਤੀ, ਮੂੜ੍ਹ ਅਲਪੱਗ ਬੰਦੇ ਹਾਂ, ਲਾਲਚ-ਵੱਸ ਹੋ ਜਾਂਦੇ ਹਾਂ, ਤੁਸੀਂ ਜਾਣੀ ਜਾਣ ਹੋ, ਦਿਆਲੂ ਹੋ, ਬਖਸ਼ਣਹਾਰ ਹੋ, ਕਿਰਪਾਲੂ ਹੋ। ਦਾਤਾਰ ਪਿਤਾ ਜੀ, ਮੈਥੋਂ ਗ਼ਲਤੀ ਹੋ ਗਈ ਹੈ, ਮੈਂ ਭੁੱਲ ਗਿਆ ਹਾਂ। ਪਿਤਾ ਜੀਉ, ਬੱਚਾ ਜਾਣ ਕੇ ਮੁਆਫ਼ ਕਰੋ, ਬਖਸ਼ੋ। ਬਖਸ਼ੋ, ਹਮੇਸ਼ਾ ਤੰਦਰੁਸਤੀ ਬਖਸ਼ੋ। ਪਿਤਾ ਜੀ ! ਮੈਂ ਕੋਹੜ ਕੀ ਕਰਨਾ ਹੈ, ਆਪ ਬਹੁੜੀ ਕਰੋ। ਸਿਰ ਤੇ ਮਿਹਰ ਭਰਿਆ ਹੱਥ ਰੱਖੋ, ਮੈਂ ਮੂਰਖ ਨੂੰ ਸੁਮੱਤ ਬਖਸ਼ੋ।

ਉਪਰੰਤ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਾਰੀ ਸੰਗਤ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ, ਕਿ ਖਾਲਸਾ ਜੀ ! ਆਪ ਪੂਜਾ ਦੇ ਧਾਨ ਤੋਂ ਬਚੋ, ਇਹ ਤਾਂ ਕੋਹੜ ਹੈ, ਜਹਿਰ ਹੈ, ਵਿੱਖ ਹੈ। ਜਿਹੜਾ ਕੋਈ



www.AKJ.Org

# ਅੱਖੀਂ ਡਿੱਠੇ ਭਾਈ ਸਾਹਿਬ

[ਭਾਈ ਸਾਹਿਬ ਧਰਮਾਨੰਤ ਸਿੰਘ ਜੀ ਪੀ-ਐਚ.ਡੀ.]

ਪ੍ਰਿੰਸੀਪਲ ਧਰਮਾਨੰਤ ਸਿੰਘ ਜੀ ਦਾ ਇਹ ਲੇਖ ੧੧ ਮਈ ੧੯੮੬ ਨੂੰ ਖਾਲਸਾ ਐਡਵੋਕੇਟ ਵਿਚ ਛਪਿਆ ਸੀ, ਫਿਰ ਮਾਰਚ ੧੯੭੩ ਦੇ 'ਸੂਰਾ' ਵਿਚ ਛਪਿਆ ਸੀ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜੀਵਨ ਦੀ ਇਹ ਇਕ ਬੜੀ ਪ੍ਰਭਾਵਸ਼ਾਲੀ ਘਟਨਾ ੧੯੦੫ ਈਸਵੀ ਦੀ ਹੈ, ਜਿਸ ਨੂੰ ਮੁੜ ਕੇ ਦੁਹਰਾਇਆ ਜਾ ਰਿਹਾ ਹੈ। –ਸੰਪਾਦਕ

ਜਿਸ ਸਮੇਂ ਦੀ ਸਾਖੀ, ਮੈਂ ਭੇਟਾ ਕਰਨ ਲੱਗਾ ਹਾਂ ਉਸ ਨੂੰ ਬੀਤਿਆਂ ਅੱਜ (ਸੰਨ ੧੯੬੪ ਵਿੱਚ) ਠੀਕ ਇੱਕ ਘਟ ਸੱਠ ਵੱਰ੍ਹੇ ਬੀਤ ਚੁਕੇ ਹਨ, ਮੈਂ ਦਸੰਬਰ ਤੋਂ ਜੂਨ ੧੯੦੬ ਤਕ ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਦਾ ਵਿਦਿਆਰਥੀ ਸਾਂ। ਭਾਈ ਸਾਹਿਬ ਸੰਤ ਰਣਧੀਰ ਸਿੰਘ ਜੀ ੧੯੦੫–੬ ਵਿੱਚ ਖ਼ਾਲਸਾ ਕਾਲਿਜਿਏਟ ਸਕੂਲ ਦੇ ਬੋਰਡਿੰਗ ਹਾਊਸ ਦੇ ਮੁੱਖ ਸੁਪ੍ਰਿਨਟੈਨਡੈਂਟ ਸਨ, ਅਰ ਮੈਨੂੰ ਇਹ ਦੱਸਣ ਵਿਚ ਬੜਾ ਮਾਣ ਹੈ ਕਿ ਮੈਂ ਉਹਨਾਂ ਦੀ ਵਿਸ਼ੇਸ਼ ਕਿਰਪਾ ਤੇ ਵਿਸ਼ੇਸ਼ ਧਿਆਨ ਦਾ ਕੇਂਦਰ ਸਾਂ। ਕਾਰਨ ਇਹ ਸੀ ਕਿ ਮੈਨੂੰ ਜਾਪੁ ਸਾਹਿਬ ਤੇ ੩੩ ਸਵੈਯੇ ਕੰਠ ਸਨ ਤੇ ਮੈਂ ਬਿਨਾ-ਨਾਗਾ ਏਹਨਾਂ ਪਾਵਨ ਬਾਣੀਆਂ ਦਾ ਅੰਮ੍ਰਿਤ ਵੇਲੇ ਬਲੰਦ ਸੁਰ ਨਾਲ, ਹੇਠਾਂ ਆਪਣੇ ਕਮਰੇ ਵਿਚ ਪਾਠ ਕਰਿਆ ਕਰਦਾ ਸਾਂ, ਤੇ ਭਾਈ ਸਾਹਿਬ ਕੋਠੇ ਪਰ, ਆਪਣੀ ਰਿਹਾਇਸ਼-ਗਾਹ ਵਿੱਚ ਸੁਣ ਸੁਣ ਕੇ ਪ੍ਰਸੰਨ ਹੋਇਆ ਕਰਦੇ ਸਨ, ਤੇ ਇਸ ਸੰਬੰਧੀ ਦਿਨ ਵਿੱਚ ਉਹ ਮੈਨੂੰ ਕਦੇ ਕਦੇ ਬੜੇ ਪ੍ਰੇਮ ਨਾਲ ਆਪਣੇ ਸ਼ਲਾਘਾ ਪੂਰਿਤ ਬਚਨ ਵੀ ਸੁਣਾ ਦੇਣ ਵਿੱਚ ਸੰਕੋਚ ਨਹੀਂ ਕੀਤਾ ਕਰਦੇ ਸਨ।

ਇੱਕੁਰ ਸੰਨ ੧੯੦੫ ਦੀ ਸਰਦ ਰੁਤ ਬੀਤੀ ਤੇ ਗ੍ਰੀਸ਼ਮ ਆ ਗਈ। ਇੱਕ ਦੋ ਦਿਨ ਝੜ ਰਿਹਾ, ਫਿਰ ਬਰਖਾ ਪੈ ਗਈ। ਵਿਚਕਾਰਲੇ ਲੰਗਰ ਦੇ ਵਿਦਿਆਰਥੀਆਂ ਨੇ ਭਾਈ ਸਾਹਿਬ ਪ੍ਰਤੀ ਯਾਚਨਾ ਕੀਤੀ ਕਿ ਖੀਰ ਖਾਣ ਨੂੰ ਜੀਅ

---

✿ਪੂਜਾ ਦੇ ਧਾਨ ਨੂੰ ਖਾਏਗਾ ਉਸਦੀ ਬੁੱਧੀ ਭ੍ਰਿਸ਼ਟੀ ਜਾਏਗੀ,ਇਹ ਪੂਜਾ ਦਾ ਧਾਨ ਜਿਹਦੇ ਹੱਡੀਂ ਲਹਿ ਗਿਆ ਉਸਦੀ ਮੱਤ ਮਾਰੀ ਜਾਵੇਗੀ। ਇਸ ਗੁਰੂ ਦੀ ਗੋਲਕ ਦੇ ਮਾਲ ਦਾ ਜਿਹਨੂੰ ਵੀ ਝੱਸ ਪੈ ਗਿਆ, ਉਹ ਸੁਆਰਥੀ ਹੋ ਜਾਵੇਗਾ। ਉਹ 'ਬਾਬਰ ਦਾ' ਬਣ ਕੇ ਰਹਿ ਜਾਵੇਗਾ, 'ਬਾਬੇ ਕਾ' ਨਹੀਂ ਰਹੇਗਾ। ਜਿਹਨੂੰ ਵੀ ਚੜ੍ਹਾਵੇ ਦਾ (ਮਾਇਆ ਦਾ) ਸੁਆਦ ਪੈ ਗਿਆ ਉਹ ਪੰਥਕ ਨੇਤਾ ਦੇ ਰੂਪ ਵਿਚ ਪੰਥ-ਘਾਤਕ ਬਣ ਜਾਵੇਗਾ। ਉਹ ਜੇ ਪੰਥ ਦਾ ਪ੍ਰਧਾਨ ਬਣੇਗਾ ਤਾਂ ਸੇਵਾ ਲਈ ਨਹੀਂ, ਬਲਕਿ ਸਮਗਲਿੰਗ ਕਰਨ ਲਈ ਜਾਂ ਅਸੈਂਬਲੀਆਂ, ਪਾਰਲੀਮੈਂਟਾਂ ਦੀਆਂ ਮੈਂਬਰੀਆਂ ਲਈ, ਕੋਟਿਆਂ ਜਾਂ ਪਰਮਿਟਾਂ ਲਈ। ਗੱਲ ਕੀ ਹਰ ਹੀਲੇ ਉਹ ਹੰਕਾਰ ਵੱਸ, ਹਵਸ ਵੱਸ ਹੋ ਕੇ ਆਪਣੀ ਤਾਕਤ ਕਾਇਮ ਰੱਖਣ ਲਈ ਪੰਥ ਦਾ ਕਾਤਲ ਵੀ ਬਣ ਸਕਦਾ ਹੈ।

ਪੂਜਾ ਦਾ ਧਾਨ ! ਗੁਰਮੁਖੋ, ਮੈਂ ਇਸੇ ਲਈ ਸਰਸਾ ਨਦੀ ਵਿਚ ਸੁਟਵਾਇਆ ਸੀ, ਮੈਨੂੰ ਪਤਾ ਸੀ ਕਿ ਇਹ ਪੂਜਾ ਦਾ ਧਾਨ ਖਾ ਕੇ 'ਸਿੱਖ' ਸਿੱਖ ਨਹੀਂ ਰਹਿਣਗੇ, ਲਾਲਚੀ ਹੋ ਜਾਣਗੇ। ਲਾਲਚ-ਵੱਸ ਹੋ ਕੇ ਨੀਚ ਤੋਂ ਨੀਚ ਕੰਮ ਕਰਨ ਲਈ ਵੀ ਤਿਆਰ ਹੋ ਜਾਣਗੇ। ਗੱਲ ਕੀ ਸਿੱਖੀ ਦੇ ਕਾਤਲ ਸਿੱਖ ਹੀ ਬਣ ਜਾਣਗੇ। ਉਹ ਸਿੱਖੀ, ਜੀਹਦੀ ਖ਼ਾਤਰ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤੱਤੀਆਂ ਤਵੀਆਂ ਤੇ ਬੈਠੇ, ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਚਾਂਦਨੀ ਚੌਂਕ ਦਿੱਲੀ ਵਿਚ ਸ਼ਹੀਦ ਕੀਤੇ ਗਏ, ਭਾਈ ਮਤੀ ਦਾਸ ਜੀ ਆਰੇ ਨਾਲ ਚੀਰੇ ਗਏ ਤੇ ਭਾਈ ਦਿਆਲਾ ਜੀ ਦੇਗਾਂ ਵਿਚ ਉਬਾਲੇ ਗਏ। ਉਸ ਸਿੱਖੀ ਨੂੰ ਭੁਲ ਕੇ ਸਿੱਖ ਗੁਰੂ ਦੀ ਗੋਲਕ ਦੇ ਡਾਕੂ ਬਣ ਕੇ ਰਹਿ ਜਾਣਗੇ। ਸੋ ਗੁਰਮੁਖੋ ! ਬਚੋ ਪੂਜਾ ਦੇ ਧਾਨ ਤੋਂ, ਬਚੋ ! ਧਰਮ ਦੀ ਕਿਰਤ ਕਰੋ, ਵੰਡ ਕੇ ਛਕੋ, ਨਾਮ ਜਪੋ। ਅਕਾਲ ਪੁਰਖ ਸਾਰਿਆਂ ਦਾ ਭਲਾ ਕਰੇਗਾ।

"ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥੨੨॥ (੧੨੪੫)



www.AKJ.Org

ਲੋਚਦਾ ਹੈ। ਸੋ ਤੁਰਤ ਦੋ ਲਾਂਗਰੀ ਲਾਗੇ ਦੇ ਪਿੰਡਾਂ ਨੂੰ ਦੁੱਧ ਲਈ ਘਲ ਦਿੱਤੇ ਗਏ। ਦੁੱਧ ਆ ਗਿਆ। ਖੀਰ ਤਿਆਰ ਹੋ ਗਈ। ਪਰ ਸਤਿਗੁਰਾਂ ਨੇ ਹੁਣ ਇੱਕ ਨਿੱਕਾ ਜਿਹਾ ਕੌਤਕ ਕਰਨਾ ਸੀ, ਤੇ ਆਪਣੇ ਸਿੱਖ ਦੀ, ਉਸ ਦੇ ਨਿਕਟ-ਵਰਤੀਆਂ ਦੀ ਦ੍ਰਿਸ਼ਟੀ ਵਿੱਚ, ਸ਼ੋਭਾ ਦਾ ਚਮਤਕਾਰ ਵਿਖਾਣਾ ਸੀ।

ਭਾਣਾ ਇਉਂ ਵਰਤਿਆ ਕਿ ਜਿਨ੍ਹਾਂ ਜਿਨ੍ਹਾਂ ਨੇ ਉਸ ਖੀਰ ਨੂੰ ਖਾਧਾ, ਅੱਧੇ ਘੰਟੇ ਤੋਂ ਬਾਅਦ ਉਹਨਾਂ ਦਾ ਜੀਅ ਮਚਲਾਣ ਲਗ ਪਿਆ ਤੇ ਜਿਉਂ ਜਿਉਂ ਉਹ ਲੰਮੇ ਪੈਂਦੇ ਗਏ, ਉਹਨਾਂ ਨੂੰ ਦਸਤਾਂ ਤੇ ਕੈਆਂ ਦੁਆਰਾ ਸ਼ੀਘਰ ਹੀ ਰਸਾਤਲ ਪਹੁੰਚਣ ਦਾ ਭਿਆਨਕ ਸਨੇਹਾ ਮਿਲਦਾ ਗਿਆ। ਕੋਈ ਇੱਕ ਘੰਟੇ ਦੇ ਅਰਸੇ ਵਿੱਚ ਦੋ ਸੌ ਦੇ ਕਰੀਬ ਮੁੰਡਿਆਂ ਦੀ ਇਹ ਲਾਚਾਰ ਬਿਵਸਥਾ ਹੋ ਗਈ। ਮੈਂ ਉਸ ਐਤਵਾਰ, ਉਸ ਖ਼ਾਸ ਮੌਕੇ, ਸ੍ਰੀ ਦਰਬਾਰ ਸਾਹਿਬ ਗਿਆ ਹੋਇਆ ਸਾਂ। ਪਰ ਮੈਨੂੰ ਪਤਾ ਸੀ ਕਿ ਲੰਗਰ ਵਿੱਚ ਖੀਰ ਬਣਨੀ ਹੈ। ਸੋ ਮੈਂ ਜਿੰਨੀ ਛੇਤੀ ਹੋ ਸਕੀ, ਅਜੇ ਚਾਨਣਾ ਹੀ ਸੀ ਕਿ, ਕਾਲਜ ਪਹੁੰਚ ਗਿਆ। ਨਾਭਾ ਹੋਸਟਲ ਦੇ ਸਾਹਮਣੇ ਹੁੰਦਿਆਂ ਹੀ ਜੋ ਦ੍ਰਿਸ਼ਯ ਵੇਖਿਆ ਉਹ ਇਹ ਸੀ : ਉੱਥੇ ਮਾਸਟਰਾਂ ਤੇ ਵਿਦਿਆਰਥੀਆਂ ਦੀ, ਲਾਂਗਰੀਆਂ ਤੇ ਚਪੜਾਸੀਆਂ ਦੀ, ਚੌਕੀਦਾਰਾਂ ਤੇ ਚੂਹੜਿਆਂ ਦੀ ਭਾਰੀ ਭੀੜ ਲੱਗੀ ਖੜੀ ਸੀ, ਪਰ ਰੌਲੇ-ਰੱਪੇ ਦਾ ਨਾਂ ਨਿਸ਼ਾਨ ਵੀ ਨਹੀਂ ਸੀ। ਸਭ ਹੈਰਾਨੀ ਤੇ ਪਸ਼ੇਮਾਨੀ ਦੇ ਬੁੱਤ ਹੀ ਬੁੱਤ ਨਜ਼ਰ ਆਉਂਦੇ ਸਨ। ਮੈਂ ਭੀੜ ਤੋਂ ਅੱਗੇ ਲੰਘਣ ਦਾ ਹੌਸਲਾ ਕੀਤਾ ਤਾਂ ਵੇਖਿਆ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਸਾਹਮਣੇ ਵੱਡੇ ਕਮਰੇ ਦੇ ਬਾਹਿਰ ਖੱਬੇ ਪਾਸੇ ਕੁਰਸੀ ਤੇ ਬੈਠੇ ਹਨ। ਉਹਨਾਂ ਦੇ ਸਾਹਮਣੇ ਇੱਕ ਹੋਰ ਕੁਰਸੀ ਵੀ ਪਈ ਹੈ, ਤੇ ਦੋਹਾਂ ਕੁਰਸੀਆਂ ਦੇ ਵਿਚਕਾਰ ਮੇਜ਼ ਹੈ, ਅਰ ਦੋ ਵਿਸ਼ੇਸ਼ ਲਾਂਗਰੀ ਉਹਨਾਂ ਦੇ ਸੱਜੇ ਪਾਸੇ, ਸਿਰ ਨੀਵਾਂ ਕਰ ਕੇ, ਹੱਥ ਜੋੜੀ ਖੜੇ ਹਨ। ਮੈਂ ਭਾਈ ਸਾਹਿਬ ਦੇ ਸਨਮੁਖ ਹੁੰਦਿਆਂ ਹੀ 'ਫ਼ਤਹ' ਗਜਾਈ, ਜਿਸ ਦਾ ਉੱਤਰ ਉਹਨਾਂ ਨੇ ਆਪਣੀ ਸਦੀਵੀ ਮੁਸਕਰਾਹਟ ਨਾਲ ਦਿੱਤਾ ਤੇ ਮੈਨੂੰ ਕੁਰਸੀ 'ਤੇ ਬੈਠਣ ਲਈ ਇਸ਼ਾਰਾ ਕੀਤਾ। ਮੈਂ ਬਹਿ ਗਿਆ। ਭਾਈ ਸਾਹਿਬ ਦੇ ਸੱਜੇ ਹੱਥ ਵਿਚ ਰੂਲ (ਡੰਡਾ) ਸੀ। ਉਹ ਮੇਰੇ ਨਾਲ ਮਮੂਲੀ ਜਿਹੀ ਗੱਲ-ਬਾਤ ਵੀ ਕਰ ਰਹੇ ਸਨ ਤੇ ਲਗਾਤਾਰ ਮੁਸਕਰਾ ਰਹੇ ਸਨ। ਮੱਥੇ ਪਰ ਕਿਸੇ ਪ੍ਰਕਾਰ ਵੀ ਤਿਊੜੀ ਯਾ ਵੱਟ ਨਜ਼ਰ ਨਹੀਂ ਆਉਂਦਾ ਸੀ, ਤੇ ਛਿਨ ਪਲ ਮਗਰੋਂ, ਬਾਰੰਬਾਰ, ਉਹਨਾਂ ਦੇ ਪਵਿਤਰ-ਮੁਖ ਤੋਂ ਬਾਣੀ ਦੇ ਕਿਸੇ ਵਾਕ ਦੀ ਅਵਾਜ਼ ਵੀ ਸਾਫ਼ ਸੁਣੀਂਦੀ ਸੀ। ਗੱਲ ਕੀ, ਉਹ ਪੂਰਨ ਸਤੋਗਣ ਦਾ ਐਸਾ ਰੂਪ ਧਾਰੀ ਬੈਠੇ ਸਨ ਜਿਹਾ ਕਿ ਵਿਸ਼ਿਸ਼ਟ ਜੀ ਨੇ ਸਤਿਜੁਗ ਜਾਂ ਤ੍ਰੇਤਾ ਵਿਚ ਓਦੋਂ ਧਾਰਿਆ ਹੋਣਾ ਹੈ ਜਦੋਂ ਵਿਸ਼੍ਵਾਮਿਤ੍ਰ ਉਹਨਾਂ ਦੇ ਸੌ ਪੁੱਤਰ ਕਤਲ ਕਰਨ ਵਿੱਚ ਰੁੱਝਾ ਹੋਇਆ ਸੀ।

ਭਾਈ ਸਾਹਿਬ ਨੇ ਕ੍ਰੋਧ ਤੋਂ ਬਿਨਾਂ, ਪਰ ਬੜੀ ਸੰਜੀਦਗੀ ਨਾਲ, ਤਿੰਨ ਵੇਰ ਲਾਂਗਰੀਆਂ ਨੂੰ ਸੰਬੋਧਨ ਕਰ ਕੇ ਪੁਛਿਆ, "ਦੱਸੋ, ਦੁੱਧ ਵਿਚ ਕੀ ਰਲਾ ਕੇ ਲਿਆਏ ਹੋ ?" ਉਹਨਾਂ ਦੋਹਾਂ ਨੇ ਤਿੰਨੇ ਵੇਰ ਉੱਤਰ ਦਿੱਤਾ, "ਜੀ, ਅਸਾਂ ਕੁੱਝ ਨਹੀਂ ਰਲਾਇਆ, ਸਾਨੂੰ ਕੁੱਝ ਪਤਾ ਨਹੀਂ, ਅਸੀਂ ਨਿਰਦੋਸ਼ ਹਾਂ।" ਤਿੰਨ ਵੇਰ ਏਦਾਂ ਪੁੱਛਣ ਮਗਰੋਂ ਭਾਈ ਸਾਹਿਬ ਨੇ ਅਤਿ ਤੇਜਸ੍ਵੀ ਗੰਭੀਰਤਾ ਨਾਲ ਰੂਲ ਨੂੰ ਇਧਰ ਉਧਰ ਘੁਮਾਇਆ ਤੇ ਫਿਰ ਗਰਜ ਕੇ ਕਿਹਾ, "ਸਿੰਘੋ, ਸੱਚ ਸੱਚ ਦੱਸੋ, ਦੁੱਧ ਵਿੱਚ ਕੀ ਰਲਾਇਆ ਜੇ ? ਤੁਸਾਂ ਗੁਰੂ ਕੇ ਸਿੰਘ ਹੋ ਕੇ ਘੋਰ ਪਾਪ ਕੀਤਾ ਹੈ, ਬੜਾ ਕਹਿਰ ਵਰਤਾਇਆ ਹੈ, ਵਾਹਿਗੁਰੂ ! ਹੱਥ ਅੱਗੇ ਕਰੋ।"

ਬਸ, ਫਿਰ ਕੀ ਸੀ ! ਲਾਂਗਰੀ ਹੱਥ ਅੱਗੇ ਕਰਦੇ ਗਏ, ਤੇ ਭਾਈ ਸਾਹਿਬ ਉੱਚੀ ਤੋਂ ਉੱਚੀ ਅਵਾਜ਼ ਵਿੱਚ ਵਾਹਿਗੁਰੂ, ਵਾਹਿਗੁਰੂ ਕਹਿੰਦੇ ਹੋਏ, ਵੱਧ ਤੋਂ ਵੱਧ ਜ਼ੋਰ ਨਾਲ ਉਹਨਾਂ ਦੋਹਾਂ ਦਿਆਂ ਹੱਥਾਂ ਪਰ ਵਾਰੋ-ਵੱਟੀ ਰੂਲ ਮਾਰਦੇ ਗਏ। ਜਦ ਦੋਹਾਂ ਨੂੰ ਸਤ ਸਤ ਰੂਲ ਪੈ ਚੁਕੇ, ਅਰ ਦੋਹਾਂ ਦਿਆਂ ਕੰਨਾਂ ਵਿੱਚ ਸਤ ਸਤ ਵੇਰ, ਇੱਕ ਮਹਾਂ ਪੁਰਖ ਦੇ ਮੂੰਹ ਤੋਂ, 'ਵਾਹਿਗੁਰੂ' ਸ਼ਬਦ ਦੀ ਧੁਨੀ ਪੈ ਚੁਕੀ, ਤਾਂ ਉਹ ਵੀ ਅਚਣਚੇਤ ਉੱਚੀ ਉੱਚੀ 'ਵਾਹਿਗੁਰੂ, ਵਾਹਿਗੁਰੂ' ਕਹਿਣ ਲਗ ਪਏ।

ਇਉਂ ਉਹਨਾਂ ਦੇ ਵਾਹਿਗੁਰੂ ਵਾਹਿਗੁਰੂ ਕਹਿਣ ਦੀ ਦੇਰ ਸੀ ਕਿ ਭਾਈ ਸਾਹਿਬ ਨੇ ਝਟ ਰੂਲ ਨੂੰ ਮੇਜ਼ ਤੇ ਰੱਖ ਦਿੱਤਾ, ਅਰ ਹੱਥ ਜੋੜ ਕੇ ਲਾਂਗਰੀਆਂ ਦੇ ਸਾਹਮਣੇ ਖੜੇ ਹੋ ਗਏ, ਅਰ ਬੜੀ ਉੱਚੀ ਅਵਾਜ਼ ਵਿੱਚ ਕਿਹਾ, "ਸਿੰਘੋ, ਬਿਲਕੁਲ ਸੱਚ ਸੱਚ ਦਸ ਦਿਓ ! ਹੁਣੇ, ਇਸ ਪਲ ਛਿਨ ਵਿੱਚ ਸਤਿਗੁਰੂ, ਤੁਹਾਡਾ ਗੁਨਾਹ ਬਖ਼ਸ਼ਣ ਲਈ ਹਾਜ਼ਰ



www.AKJ.Org

ਹਜ਼ੂਰ ਹਨ।" ਭਾਈ ਸਾਹਿਬ ਇਹ ਸ਼ਬਦ ਕਹਿ ਹੀ ਰਹੇ ਸਨ ਕਿ ਲਾਂਗਰੀ ਭੁੱਬਾਂ ਮਾਰ ਕੇ ਰੋ ਪਏ ਅਰ ਮਹਾਂ ਪੁਰਖ ਦੇ ਚਰਨਾਂ ਤੇ ਡਿਗ ਪਏ, ਤੇ ਕਹਿਣ ਲੱਗੇ, "ਮਹਾਰਾਜ, ਸਾਨੂੰ ਬਖ਼ਸ਼ੋ, ਸਾਨੂੰ ਬਖਸ਼ੋ, ਅੱਸੀਂ ਬੜੇ ਨੀਚ ਹਾਂ, ਮਹਾਂ ਨੀਚ ਹਾਂ। ਅੱਸਾਂ ਦੁੱਧ ਵਿਚ ਟੋਇਆਂ ਤੇ ਛਪੜਾਂ ਦਾ ਪਾਣੀ ਰਲਾਇਆ ਸੀ। ਸਾਨੂੰ ਬਖ਼ਸ਼ੋ, ਮਹਾਰਾਜ, ਸਾਨੂੰ ਬਖ਼ਸ਼ੋ!" ਉਹ ਇਹ ਕਹਿ ਹੀ ਰਹੇ ਸਨ ਕਿ ਸੰਤ ਭਾਈ ਰਣਧੀਰ ਸਿੰਘ ਜੀ ਨੇ, ਜੋ ਪਹਿਲਾਂ ਹੀ ਹੱਥ ਜੋੜੀ ਖੜੇ ਸਨ, ਪੈਰਾਂ ਤੋਂ ਜੋੜੇ ਲਾਹ ਦਿੱਤੇ ਤੇ ਬੜੀ ਮਿੱਠੀ ਸੁਰੀਲੀ ਅਵਾਜ਼ ਨਾਲ ਇਸ ਸਾਰੇ ਸ਼ਬਦ ਦਾ ਪਾਠ ਕੀਤਾ—

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ, ਤਾ ਭਉ ਕੇਹਾ ਕਾੜਾ ਜੀਉ॥੧॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥ ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ॥
ਤੁਝ ਬਿਨੁ ਦੂਜਾ ਅਵਰੁ ਨ ਕੋਈ, ਸਭੁ ਤੇਰਾ ਖੇਲੁ ਅਖਾੜਾ ਜੀਉ॥੨॥
ਜੀਅ ਜੰਤੁ ਸਭਿ ਤੁਧੁ ਉਪਾਏ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥
ਸਭ ਕਿਛੁ ਕੀਤਾ ਤੇਰਾ ਹੋਵੈ, ਨਾਹੀ ਕਿਛੁ ਅਸਾੜਾ ਜੀਉ॥੩॥
ਨਾਮੁ ਧਿਆਇ ਮਹਾ ਸੁਖੁ ਪਾਇਆ॥ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ॥
ਗੁਰਿ ਪੂਰੈ ਵਜੀ ਵਾਧਾਈ, ਨਾਨਕ ਜਿਤਾ ਬਿਖਾੜਾ ਜੀਉ॥੪॥੨੪॥੩੧॥

(ਮਾਝ ਮ: ੫, ਪੰਨਾ ੧੦੩)

ਇਸ ਦੀ ਸਮਾਪਤੀ ਪਰ ਆਪ ਨੇ ਦੱਸਾਂ ਪਾਤਿਸ਼ਾਹੀਆਂ ਦਾ ਅਰਦਾਸਾ ਸੋਧਿਆ, ਅਰ ਅੰਤ ਵਿੱਚ ਕਿਹਾ, 'ਕਿਰਪਾ ਨਿਧਾਨ, ਆਪ ਦੇ ਸੇਵਾਦਾਰਾਂ ਤੋਂ ਬੜੀ ਉਗ੍ਰ ਖ਼ਤਾ ਹੋਈ ਹੈ, ਏਹਨਾਂ ਨੂੰ ਬਖ਼ਸ਼ੋ! ਹੇ ਭਲਿਆਂ ਤੇ ਬੁਰਿਆਂ ਦੋਹਾਂ ਦੀ ਪੀੜ ਪਛਾਣਨ ਵਾਲੇ ਸਤਿਗੁਰੂ, ਜਿਹੜੇ ਬੱਚੇ ਐਸ ਵੇਲੇ ਅਤਿ ਖ਼ਤਰਨਾਕ ਹਾਲਤ ਵਿੱਚ ਮੰਜੀਆਂ 'ਤੇ ਪਏ ਹਨ ਉਹਨਾਂ ਨੂੰ ਪੂਰਨ ਸਾਵਧਾਨ ਕਰੋ! ਤੇ ਹੇ ਸਭ ਦੀ ਲਾਜ ਰੱਖਣ ਵਾਲੇ ਸਤਿਗੁਰੂ, ਮੇਰੀ ਵੀ ਲਾਜ ਰੱਖੋ, ਮੇਰੇ ਸਿਰ ਬੜੀ ਜ਼ਿੰਮੇਵਾਰੀ ਹੈ। ਇਸ ਜੰਗਲ ਵਿੱਚ, ਇਸ ਵੇਲੇ ਨਾ ਕੋਈ ਡਾਕਟਰ ਹੈ, ਨਾ ਕੋਈ ਹਕੀਮ ਹੈ, ਨਾ ਕੋਈ ਵੈਦ ਹੈ, ਨਾ ਕੋਈ ਸਿਆਣਾ ਹੈ!"

ਇਸ ਤੋਂ ਉਪਰੰਤ ਉਹ ਆਪ ਹੀ ਨੰਗੇ ਪੈਰੀਂ ਦੌੜੇ ਗਏ ਤੇ ਛੇਤੀ ਛੇਤੀ ਇੱਕ ਪਾਤ੍ਰ ਵਿੱਚ ਖੂਹ ਤੋਂ ਜਲ ਲਿਆਏ। ਇਸ ਨੂੰ ਮੇਜ਼ ਤੇ ਰੱਖ ਕੇ ਉਨ੍ਹਾਂ ਨੇ ਪੰਜ ਵੇਰ ਮੂਲ ਮੰਤ੍ਰ ਦਾ ਪਾਠ ਕੀਤਾ, ਫਿਰ ਜਪੁਜੀ ਦੀਆਂ ਪੰਜ ਪਹਿਲੀਆਂ ਤੇ ਪੰਜ ਪਿਛਲੀਆਂ ਪਉੜੀਆਂ ਦਾ, ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਦਾ ਜਾਪ ਸਾਹਿਬ ਦੇ ਅਰੰਭਿਕ ਤੇ ਅੰਤਿਮ ਛੰਦਾਂ ਦਾ, ਅਰ ਅੰਤ ਵਿਚ ਸੁਧਾ ਸਵੈਯਾਂ ਦਾ ਪਾਠ ਕਰ ਕੇ, ਫਿਰ ਕੇਵਲ ਵਾਹਿਗੁਰੂ ਵਾਹਿਗੁਰੂ ਕਰਦੇ ਹੋਏ ਜਿੱਥੇ ਜਿੱਥੇ ਲੜਕੇ ਬਿਮਾਰ ਪਏ ਸਨ ਓਧਰ ਤੁਰ ਪਏ। ਸਾਰੀ ਬਹੁ-ਰੰਗੀ ਭੀੜ ਵੀ ਪਿੱਛੇ ਸੀ ਤੇ ਮੈਂ ਅੱਗੇ ਅੱਗੇ ਉਹਨਾਂ ਦੇ ਨਾਲ ਸਾਂ। ਸਾਰੇ ਇੱਕ-ਮਨ ਇੱਕ-ਚਿਤ, ਵਾਹਿਗੁਰੂ, ਵਾਹਿਗੁਰੂ ਉਚਾਰਨ ਕਰ ਰਹੇ ਸਨ। ਜਿਉਂ ਹੀ ਪਹਿਲਾ ਬਿਮਾਰ ਦ੍ਰਿਸ਼ਟੀ ਪਿਆ, ਉਹਨਾਂ ਨੇ ਉਹਦੇ ਨਾਲ ਅੱਖਾਂ ਮਿਲਾ ਕੇ, ਉਸ ਤੋਂ 'ਵਾਹਿਗੁਰੂ' ਅਖਵਾਇਆ ਤੇ ਆਪਣੇ ਕਰ-ਕਮਲਾਂ ਨਾਲ ਉਸ ਦੇ ਮੂੰਹ ਵਿੱਚ ਜਲ ਪਾਇਆ, ਤੇ ਕਿਹਾ, "ਸਿੰਘ ਜੀ, ਸਾਵਧਾਨ ਹੋ ਜਾਓ, ਉਠ ਬੈਠੋ!" ਉਹ ਤਤਕਾਲ ਉਠ ਬੈਠਾ ਤੇ ਖੜਾ ਹੋ ਗਿਆ। ਇਕੁਰ ਹੀ ਸਾਰਿਆਂ ਨੂੰ ਸਾਵਧਾਨ ਕੀਤਾ।

ਬੋਲੋ ਜੀ ਵਾਹਿਗੁਰੂ! ਮੈਂ ਇਸ ਕੌਤਕ ਦਾ ਆਪ ਸਾਖੀ ਹਾਂ, ਤੇ ਸੋਲ੍ਹਾਂ ਆਨੇ ਇਸ ਦੀ ਸੱਚਾਈ ਦੀ ਸਾਖ ਭਰਦਾ ਹਾਂ। ਇਹ ਹੈ ਪੂਰਨ ਸਤੋਗੁਣ ਦਾ ਈਸ਼੍ਵਰ ਪ੍ਰਭਾਵ!

**ਪਿਆਰੇ ਪਾਠਕੋ**—ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡਾ ਚਿੱਟ ਨੰਬਰ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਦਿਤਾ ਹੁੰਦਾ ਹੈ। ਤੁਹਾਡੇ ਵਲੋਂ ਭੇਜੀ ਚਿਠੀ ਜਾਂ ਮਨੀਆਰਡਰ ਦੇ ਨਾਲ ਚਿੱਟ ਨੰਬਰ ਨਾ ਹੋਵੇ ਤਾਂ ਅਮਲ ਕਰਨ ਵਿਚ ਬੜੀ ਔਖ ਹੁੰਦੀ ਹੈ।



www.AKJ.Org

# ਗੁਰਧਾਮਾਂ ਦੀ ਪਵਿਤ੍ਰਤਾ ਦੀ ਰਾਖੀ ਲਈ ਕਦਮ

[ਪ੍ਰਿੰਸੀਪਲ ਭਗਵੰਤ ਸਿੰਘ ਆਜ਼ਾਦ, ਜਲਮਾਨਾ, ਜ਼ਿਲਾ ਕਰਨਾਲ]

ਸ: ਕਾਬਲ ਸਿੰਘ ਪ੍ਰਧਾਨ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੋ ਤਿੰਨ ਵਾਰ ਅਖਬਾਰਾਂ ਰਾਹੀਂ ਸਲਾਹਵਾਂ ਅਤੇ ਰਾਵਾਂ ਦੀ ਮੰਗ ਕੀਤੀ ਹੈ ਕਿ ਗੁਰਧਾਮਾਂ ਦੀ ਪਵਿਤ੍ਰਤਾ ਦੀ ਰਾਖੀ ਲਈ ਕੀਹ ਕੀਹ ਕਦਮ ਚੁਕੇ ਜਾਣ। ਇਹ ਗੱਲ ਬਹੁਤ ਚੰਗੀ ਹੈ। ਇਹ ਕੰਮ ਬਹੁਤ ਚੰਗਾ ਹੈ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਇਹ ਕੰਮ ਕਿਸ ਢੰਗ ਨਾਲ ਅਤੇ ਕਿਨ੍ਹਾਂ ਆਧਾਰਾਂ ਤੇ ਕੀਤਾ ਜਾਣਾ ਹੈ।

ਮੈਂ ਇਸ ਬਾਰੇ ਹੇਠ ਲਿਖੇ ਪ੍ਰਸ਼ਨਾ ਦੇ ਉਤਰ ਪੁਛਣਾ ਚਾਹੁੰਦਾ ਹਾਂ। ਸ਼ਰੋਮਣੀ ਕਮੇਟੀ ਵਿਚਲੇ ਸਬੰਧਤ ਅਧਿਕਾਰੀ ਸਜਣ, ਸਿੰਘ ਸਾਹਿਬਾਨ, ਜਥੇਬੰਦੀਆਂ, ਸੰਪ੍ਰਦਾਵਾਂ, ਵਿਚਾਰਵਾਨ ਸਜਣ ਅਤੇ ਸਭ ਸੰਗਤਾਂ ਅਖਬਾਰਾਂ ਰਾਹੀਂ ਅਤੇ ਨਿਜੀ ਚਿੱਠੀਆਂ ਰਾਹੀਂ ਇਹਨਾਂ ਪ੍ਰਸ਼ਨਾਂ ਦੇ ਉਤਰ ਭੇਜਣ ਦੀ ਖੇਚਲ ਕਰਨ ਤਾਂ ਧੰਨਵਾਦੀ ਹੋਵਾਂਗਾ।

## ਪ੍ਰਸ਼ਨ ੧.

ਕੀਹ ਉਹ ਰਾਵਾਂ ਅਤੇ ਸਲਾਹਵਾਂ ਸਿੱਖੀ ਸਿਧਾਂਤਾਂ ਦੇ ਅਨੁਸਾਰ ੧੦੦ ਸੌ ਫੀ ਸਦੀ ਸਚਾਈ ਤੇ ਆਧਾਰਤ ਹੋਣ ਜਾਂ ਕਿਸੇ ਗਰੁਪ, ਸੰਪ੍ਰਦਾ, ਵਿਅਕਤੀ ਵਿਸ਼ੇਸ਼ ਦੀ ਪਖ-ਪੂਰਤੀ ਵਾਸਤੇ ਕੁਝ ਨਾ ਕੁਝ ਲੇਪਣ ਵੀ ਲਾਏ ਜਾਣ?

## ਪ੍ਰਸ਼ਨ ੨.

ਜੇ ੧੦੦ ਸੌ ਫ਼ੀ ਸਦੀ ਸੱਚ ਤੇ ਹੀ ਆਧਾਰ ਰਖ ਕੇ ਰਾਵਾਂ ਭੇਜੀਆਂ ਜਾਣ ਤਾਂ ਕੀਹ ਅਤੇ ਕਿੰਨੀ ਸਜ਼ਾ–ਜੁਰਮਾਨਾ ਹੋਵੇਗਾ?

ਜੇ ਕੋਈ ਇਹ ਕਹੇ ਕਿ ਸਜ਼ਾ–ਜੁਰਮਾਨਾ ਨਹੀਂ ਹੋਵੇਗਾ ਤਾਂ ਮੈਂ ਉਸ ਤੇ ਇਤਬਾਰ ਨਹੀਂ ਕਰਦਾ, ਕਿਉਂਕਿ ਝੂਠ, ਬਨਾਵਟ ਅਤੇ ਵਿਖਾਵੇ ਭਰਪੂਰ ਮਾਹੌਲ ਵਿਚ ਸੱਚ ਕੌੜਾ ਹੁੰਦਾ ਹੀ ਹੈ। ਜਿਨ੍ਹੂੰ ਜਿੰਨਾ ਕੌੜਾ ਲੱਗਦਾ ਰਿਹਾ ਹੈ ਉਹ ਆਪਣੇ ਸਰਦੇ ਪੁਜਦੇ ਅਨੁਸਾਰ ਪ੍ਰਤੱਖ, ਅਪ੍ਰਤੱਖ ਢੰਗ ਨਾਲ ਆਪਣਾ ਓਨਾ ਗੁਸਾ ਕਢਦਾ ਹੀ ਰਿਹਾ ਹੈ।

ਇਤਿਹਾਸ ਦੇ ਅਰੰਭ ਤੋਂ ਲੈ ਕੇ ਅੱਜ ਤੱਕ ਸੱਚ ਨੂੰ ਆਪਣੇ ਸਮੇਂ ਵਿਚ ਸਜ਼ਾ ਮਿਲਦੀ ਹੀ ਆਈ ਹੈ। ਈਸਾ ਨੂੰ ਫਾਂਸੀ, ਮਨਸੂਰ ਨੂੰ ਸੂਲੀ, ਸੁਕਰਾਤ ਨੂੰ ਜ਼ਹਿਰ, ਹਜਰਤ ਮੁਹੰਮਦ ਸਾਹਿਬ ਨੂੰ ਮੱਕੇ ਚੋਂ ਧੱਕੇ, ਪ੍ਰਹਿਲਾਦ ਨੂੰ ਤੱਤਾ ਥੰਮ, ਗੁਰੂ ਨਾਨਕ ਜੀ ਨੂੰ ਜੇਲ੍ਹ, ਪੰਜਵੇਂ ਗੁਰੂ ਜੀ ਨੂੰ ਤੱਤੀਆਂ ਲੋਹਾਂ ਤੇ ਤੱਤੀਆਂ ਰੇਤਾਂ ਮਿਲੀਆਂ ਅਤੇ ਗੁਰੂ ਗੋਬਿੰਦ ਸਿੰਘ ਨੂੰ ਆਪਣੇ ਤੋਂ ਉਤਲੀ ਪੀੜ੍ਹੀ, ਆਪਣੇ ਤੋਂ ਹੇਠਲੀ ਪੀੜ੍ਹੀ, ਆਪਣੀ ਪੀੜ੍ਹੀ ਅਤੇ ਘਰ ਬਾਹਰ ਸਭ ਕੁਝ ਹੀ ਦੇਣਾ ਪਿਆ। ਇਹਨਾਂ ਸਭ ਮਹਾਂਪੁਰਖਾਂ ਦਾ ਕੀਹ ਕਸੂਰ ਸੀ? ਇਹਨਾਂ ਚੋਂ ਕਿਸੇ ਨੇ ਵੀ ਕਿਸੇ ਦੇ ਰਾਜ ਭਾਗ ਤੇ ਆਪਣਾ ਕਬਜ਼ਾ ਨਹੀਂ ਸੀ ਕੀਤਾ। ਕਿਸੇ ਤੋਂ ਜ਼ਰ ਜੋਰੂ ਨਹੀਂ ਸੀ ਖੋਹੇ। ਕੇਵਲ ਚਲ ਰਹੀਆਂ ਸਮਕਾਲੀ ਗਲਤ ਵਿਖਾਵੇ ਆਡੰਬਰ ਭਰਪੂਰ ਅਤੇ ਝੂਠ ਤੇ ਆਧਾਰਿਤ ਧਾਰਮਿਕ ਸਮਾਜਿਕ ਅਤੇ ਰਾਜਨੀਤਕ ਪ੍ਰਪਾਟੀਆਂ ਦਾ ਖੰਡਨ ਕਰ ਕੇ ਠੀਕ ਤੇ ਸਚੀਆਂ ਲੀਹਾਂ ਨੂੰ ਐਲਾਨਿਆ ਸੀ। ਸੋ ਸੱਚ ਬੋਲਣ ਦੀ ਸਜ਼ਾ ਮਿਲਦੀ ਹੀ ਆਈ ਹੈ।

ਜੇ ਕੋਈ ਕਹੇ ਕਿ ਸਜ਼ਾ/ਜੁਰਮਾਨੇ ਦੀ ਮਾਤਰਾਂ ਤਾਂ ਸੱਚ ਬੋਲਣ, ਭਾਵ ਕਸੂਰ ਕਰਨ ਦੀ ਮਾਤਰਾ ਵੇਖ ਕੇ ਹੀ ਦੱਸੀ ਜਾ ਸਕਦੀ ਹੈ। ਇਸ ਬਾਰੇ ਤਾਂ ਮੈਂ ਕਹਿ ਹੀ ਰਿਹਾ ਹਾਂ ਕਿ ੧੦੦% ਸੱਚ, ੪੦ ਸੇਰਾ ਸੱਚ, ੧੬ ਆਨੇ ਸੱਚ।

ਇਹ ਸਭ ਕੁਝ ਪੁਛਣ ਤੋਂ ਮੇਰਾ ਭਾਵ ਇਹ ਹੈ ਕਿ ਮੈਨੂੰ ਆਪਣੀ ਸਮਰੱਥਾ ਦਾ ਤਾਂ ਪਤਾ ਹੋ ਹੈ। ਜੇ ਮੇਰਾ ਮਨ, ਤਨ ਤੇ ਧਨ ਉਨੀ ਸਜ਼ਾ–ਜੁਰਮਾਨਾ ਸਹਿ ਸਕਦਾ ਹੋਇਆ ਤਾਂ ਮੈਂ ਸਿਖੀ ਸਿਧਾਂਤਾਂ ਅਨੁਸਾਰ ਸੱਚ ਤੇ ਆਧਾਰਤ ਰਾਵਾਂ ਅਤੇ ਸਲਾਹਵਾਂ ਲਿਖ ਘੱਲਾਂਗਾ।

---

**ਸੂਰਾ ਪੱਤਰ ਦੇ ਚੰਦੇ**—ਚੰਦਾ ਖ਼ਤਮ ਹੋਣ ਦੀ ਮੁਹਰ ਪਰਚੇ ਤੇ ਵੇਖੋ ਤਾਂ ਓਦੋਂ ਹੀ ਚੰਦਾ ਮਨੀਆਰਡਰ ਰਾਹੀਂ ਭੇਜੋ, ਤਾਕਿ ਕਟ ਵਧ ਨਾ ਕਰਨੀ ਪਵੇ ਜੀ।



www.AKJ.Org

# ਸਿਖ ਸੂਰਬੀਰਤਾ ਤੇ ਆਚਰਨ ਦੀ ਗਾਥਾ

## (ਕੋਲੰਬੂ ਬੀਚ ਵਿਖੇ ਸ੍ਰੀ ਲੰਕਾ ਦੀ ਯਾਤਰਾ ਸਮੇਂ ਦੀ ਵਾਰਤਾ)

[ਸ: ਪਿਆਰਾ ਸਿੰਘ ਜੀ ਦਾਤਾ]

ਜਦੋਂ ਅਸੀਂ ਕਪੜੇ ਪਹਿਨ ਤੁਰਨ ਲਗੇ, ਤਾਂ ਇਕ ਸੱਜਣ ਮੇਰੇ ਪਾਸ ਆ ਕੇ ਪੁੱਛਣ ਲੱਗਾ, ''ਤੁਸੀਂ ਕਿਥੋਂ ਆਏ ਹੋ ?'' ਮੈਂ ਉਸ ਨੂੰ ਦਸਿਆ ਕਿ ਅਸੀਂ ਦਿੱਲੀਉਂ ਆਏ ਹਾਂ । ਉਸ ਨੇ ਆਪਣਾ ਨਾਂ ਕਰਨਲ ਲਾਇਨ ਫ਼ਰਜ਼ੰਦੋ ਦਸਿਆ, ਤੇ ਆਪਣੇ ਨਹਾ ਰਹੇ ਸਾਥੀਆਂ ਵਲ ਇਸ਼ਾਰਾ ਕਰਦਿਆਂ ਕਿਹਾ, ''ਇਨ੍ਹਾਂ ਵਿਚ ਮੇਰਾ ਤੇ ਮੇਰੇ ਇਕ ਮਿੱਤਰ ਦਾ ਪ੍ਰਵਾਰ ਹੈ । ਬਹੁਤ ਪੁਰਾਣੀ ਗੱਲ ਹੈ, ਉਸ ਸਮੇਂ ਮੈਂ ਅੰਗਰੇਜ਼ੀ ਸੈਨਾ ਵਿਚ ਕਰਨਲ ਸਾਂ । ਬਹੁਤ ਸਾਰੇ ਸਿੱਖ ਅਫ਼ਸਰ ਮੇਰੇ ਸਾਥੀ ਸਨ । ਉਨ੍ਹਾਂ ਨਾਲ ਮੇਰੀ ਤਕੜੀ ਦੋਸਤੀ ਸੀ । ਉਹਨਾਂ ਦੀ ਪ੍ਰੇਰਨਾ ਸਦਕਾ ਮੈਂ ਸਿੱਖ ਇਤਿਹਾਸ ਅੱਛੀ ਤਰ੍ਹਾਂ ਪੜ੍ਹਿਆ । ਪਿਛਲੇ ਸਾਲ ਮੈਂ ਪੰਜਾਬ ਗਿਆ ਸਾਂ । ਸਰਦੀ ਦਾ ਮੌਸਮ ਸੀ । ਰਾਤ ਨੂੰ ਖ਼ੂਬ ਠੰਡ ਹੋ ਗਈ । ਮੇਰੇ ਨਾਲ ਦੀ ਸੀਟ ਤੇ ਇਕ ਪੇਂਡੂ ਸਿੱਖ ਬੈਠਾ ਸੀ, ਉਸ ਆਪਣਾ ਕੰਬਲ ਪੇਸ਼ ਕੀਤਾ, ਪਰ ਮੈਂ ਨਾਂਹ ਕਰ ਦਿਤੀ । ਇਹ ਇਸ ਲਈ ਕਿ ਉਹ ਆਪ ਸਾਰੀ ਰਾਤ ਪਾਲੇ ਵਿਚ ਪਿਆ ਰਹੇ, ਇਹ ਠੀਕ ਨਹੀਂ ਸੀ । ਪਤਾ ਨਹੀਂ ਕਿਸ ਵੇਲੇ ਮੈਨੂੰ ਨੀਂਦ ਆ ਗਈ । ਸਵੇਰੇ ਜਾਗਿਆ ਤਾਂ ਮੇਰੇ ਤੇ ਉਹ ਕੰਬਲ ਪਿਆ ਸੀ ਤੇ ਨਾਲ ਵਾਲਾ ਸਰਦਾਰ ਬੈਠਾ ਮੁਸਕਰਾ ਰਿਹਾ ਸੀ । ਇਹ ਵੇਖ ਕੇ ਮੈਂ ਹੈਰਾਨ ਰਹਿ ਗਿਆ ਕਿ ਪੰਜਾਬੀ ਲੋਕਾਂ ਵਿਚ ਦੂਜਿਆਂ ਲਈ ਹਮਦਰਦੀ ਕੁਟ ਕੁਟ ਭਰੀ ਹੈ । ਕੀ ਸੰਸਾਰ ਵਿਚ ਕੋਈ ਬੰਦਾ ਸਾਰੀ ਰਾਤ ਆਪ ਠਿਠਰ ਸਕਦਾ ਹੈ ਤੇ ਕਿਸੇ ਪ੍ਰਦੇਸੀ ਨੂੰ ਕੰਬਲ ਦੇ ਸਕਦਾ ਹੈ ? ਇਸ ਘਟਨਾ ਤੋਂ ਮੈਂ ਬੜਾ ਪ੍ਰਭਾਵਤ ਹੋਇਆ ।''

ਆਪਣੀ ਗੱਲ ਜਾਰੀ ਰਖਦਿਆਂ ਹੋਇਆਂ ਕਰਨਲ ਲਾਇਨ ਫ਼ਰਜ਼ੰਦੋ ਬੋਲਿਆ, ''ਸਰਦਾਰ ਸਾਹਿਬ ! ਅੰਮ੍ਰਿਤਸਰ ਪਹੁੰਚ ਕੇ ਮੈਂ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਗਿਆ । ਉਥੋਂ ਦੇ ਪ੍ਰਬੰਧਕਾਂ ਨੇ ਮੇਰਾ ਬੜਾ ਸਤਿਕਾਰ ਕੀਤਾ । ਹਰਿਮੰਦਰ ਸਾਹਿਬ ਵਿਚ ਮੈਂ ਕੀਰਤਨ ਸੁਣਿਆ । ਫਿਰ ਮੈਨੂੰ ਲੰਗਰ ਛਕਾਇਆ ਗਿਆ ਤੇ ਰਾਤ ਰਹਿਣ ਲਈ ਕਮਰਾ ਦਿਤਾ ਗਿਆ । ਅੰਮ੍ਰਿਤਸਰ ਦੇ ਇਤਿਹਾਸਕ ਅਸਥਾਨ ਤੇ ਅਜਾਇਬ ਘਰ ਵੇਖ ਮੈਂ ਲਾਹੌਰ ਚਲਾ ਗਿਆ । ਉਥੇ ਮੈਂ ਆਪਣੇ ਪੁਰਾਣੇ ਮਿੱਤਰਾਂ ਨੂੰ ਮਿਲਿਆ । ਉਨ੍ਹਾਂ ਨੂੰ ਪੰਜਾਬ, ਤੇ ਵਿਸ਼ੇਸ਼ ਕਰਕੇ ਸਿਖਾਂ ਦੀ ਬਹਾਦਰੀ ਤੇ ਪ੍ਰਾਹੁਣਚਾਰੀ ਦਾ ਜ਼ਿਕਰ ਕੀਤਾ । ਮੇਰੇ ਮੁਸਲਮ ਦੋਸਤ ਮੇਰੀ ਗੱਲ ਸੁਣ ਹੈਰਾਨ ਨਹੀਂ ਹੋਏ, ਉਹ ਕਹਿਣ ਲੱਗੇ, 'ਪਿਆਰੇ ਲਾਇਨ ! ਇਹ ਕੰਬਖ਼ਤ ਸਿਖ ਲੋਕ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਹਨ । ਅਸੀਂ ਦੋ ਲੜਾਈਆਂ ਲੜੀਆਂ, ਸਾਡੀ ਪਲਾਨ ਕੁਝ ਘੰਟਿਆਂ ਵਿਚ ਹੀ ਦਿੱਲੀ ਤੇ ਕਬਜ਼ਾ ਕਰਨ ਦੀ ਸੀ । ਇਸੇ ਕਰਕੇ ਲੜਾਈ ਦੌਰਾਨ ਸਾਡੇ ਰੇਡੀਉ ਤੋਂ ਘੜੀ ਮੁੜੀ ਐਲਾਨ ਹੁੰਦਾ ਸੀ, ਕਿ ਹੁਣ ਸਾਡੀਆਂ ਫ਼ੌਜਾਂ ਦਿੱਲੀ ਵਿਚ ਦਾਖ਼ਲ ਹੋ ਰਹੀਆਂ ਹਨ, ਪਰ ਕੰਬਖ਼ਤ ਸਿਖਾਂ ਨੇ ਸਾਨੂੰ ਵਾਹਗਾ ਨਹੀਂ ਟੱਪਣ ਦਿਤਾ । ਸਾਡੇ ਰਾਹ ਵਿਚ ਇਕ ਆਹਿਨੀ ਦੀਵਾਰ ਬਣ ਕੇ ਖੜੋ ਗਏ । ਨਾ ਇਨ੍ਹਾਂ ਨੂੰ ਮਰਨ ਦਾ ਡਰ, ਨਾ ਜਾਨਾਂ ਬਚਾਅ ਕੇ ਪਿਛੇ ਭਜਣ ਦੀ ਇਛਾ । ਇਹ ਮਰਨਾ ਜਾਂ ਜਿਤਣਾ ਹੀ ਜਾਣਦੇ ਹਨ । ਅੱਲਾ ਕਸਮ ! ਇਹ ਨਾ ਹੁੰਦੇ ਤਾਂ ਹੁਣ ਤੀਕ ਚਿਰੋਕਣੀਆਂ ਸਾਡੇ ਪਾਕ ਦੀਆਂ ਹੱਦਾਂ ਦਿੱਲੀ ਜਾਂ ਕਲਕਤੇ ਤੀਕ ਜਾ ਪਹੁੰਚਦੀਆਂ । ਕਿਥੇ ਅਸੀਂ ਸਾਰੇ ਹਿੰਦੁਸਤਾਨ ਨੂੰ ਕਬਜ਼ੇ ਵਿਚ ਕਰਨ ਦੇ ਸੁਪਨੇ ਵੇਖਦੇ ਸਾਂ, ਕਿਥੇ ਅੱਧਿਉਂ ਵਧ ਪਾਕਿਸਤਾਨ ਹੀ ਆਪਣੇ ਹੱਥੋਂ ਖੁਆ ਬੈਠੇ ਹਾਂ' ।''

( ੨ )

ਜਦੋਂ ਕਰਨਲ ਲਾਇਨ ਫ਼ਰਜ਼ੰਦੋ ਸਿਖਾਂ ਬਾਰੇ ਪਾਕਿਸਤਾਨੀਆਂ ਦੇ ਵਿਚਾਰ ਦਸ ਰਿਹਾ ਸੀ, ਤਾਂ ਪਾਕਿਸਤਾਨ ਦੇ ਰੀਟਾਇਰਡ ਮੇਜਰ ਜਨਰਲ ਮੁਕੀਸ਼ ਖਾਨ ਦੀ ਅੰਗਰੇਜ਼ੀ 'ਚ ਲਿਖੀ ਪੁਸਤਕ ''ਕਰਾਇਸਿਜ਼ ਆਫ਼ ਲੀਡਰਸ਼ਿਪ'' ਮੇਰੀਆਂ ਅੱਖਾਂ ਸਾਹਮਣੇ ਆ ਗਈ । ਲੇਖਕ ਪੁਸਤਕ ਦੇ ਸਫ਼ਾ ੨੫੦ ਤੇ ਸੰਨ ੧੯੭੧ ਦੇ ਹਿੰਦ-ਪਾਕ ਜੰਗ ਬਾਰੇ ਲਿਖਦਾ ਹੈ :–



www.AKJ.Org

"ਸਾਡੀ ਹਾਰ ਦਾ ਵੱਡਾ ਕਾਰਨ ਸਿੰਘਾਂ ਦਾ ਸਾਹਮਣੇ ਹੋ ਕੇ ਲੜਨਾ ਹੈ। ਸਿੱਖਾਂ ਦੇ ਸਾਹਮਣੇ ਸਾਡੀ ਕੋਈ ਪੇਸ਼ ਨਾ ਗਈ। ਸਿੰਘ ਬਹੁਤ ਬਹਾਦਰ ਹਨ। ਇਹ ਏਨੀ ਦਲੇਰੀ ਨਾਲ ਲੜਦੇ ਹਨ ਕਿ ਆਪਣੇ ਨਾਲੋਂ ਕਈ ਗੁਣਾ ਵੱਡੀ ਫੌਜ ਨੂੰ ਹਾਰ ਦੇਣ ਦੀ ਸਮਰੱਥਾ ਰਖਦੇ ਹਨ।

"੩ ਦਸੰਬਰ ੧੯੭੧ ਨੂੰ ਅਸਾਂ ਹਿੰਦੁਸਤਾਨ ਦੇ ਬਾਰਡਰ 'ਹੁਸੈਨੀ ਵਾਲਾ' ਉਤੇ ਇੰਨਫੈਂਟਰੀ ਬਰਿਗੇਡ ਨਾਲ ਬੜਾ ਜ਼ਬਰਦਸਤ ਤੇ ਭਿਆਨਕ ਹਮਲਾ ਕੀਤਾ। ਸਾਡੇ ਇਸ ਬਰਿਗੇਡ ਵਿਚ ਪਾਕਿਸਤਾਨ ਦੀ ਲੜਾਕੂ ਪੰਜਾਬੀ ਬਹਾਦਰ ਫ਼ੌਜ ਦੇ ਨਾਲ ਇਕ ਪ੍ਰਸਿਧ ਲੜਾਕੀ 'ਬਲੋਚ ਰਜਮੈਂਟ' ਵੀ ਸੀ।

"ਭਾਰਤੀ ਫ਼ੌਜ ਨੂੰ ਅਸੀਂ ਮਿੰਟਾਂ ਵਿਚ ਬੜੀ ਦੂਰ ਤਕ ਪਿਛੇ ਧਕੇਲ ਦਿਤਾ। ਉਨ੍ਹਾਂ ਦੇ ਰੱਖਿਆ-ਮੋਰਚੇ ਸਾਡੇ ਕਬਜ਼ੇ ਵਿਚ ਆ ਗਏ। ਭਾਰਤ ਦੀ ਸੈਨਾ ਬੜੀ ਤੇਜ਼ੀ ਨਾਲ ਪਿਛੇ ਭਜੀ ਜਾ ਰਹੀ ਸੀ।

"ਪਾਕਿਸਤਾਨੀ ਫੌਜਾਂ ਬੜੀ ਤੇਜ਼-ਰਫਤਾਰੀ ਨਾਲ ਅੱਗੇ ਵਧਦੀਆਂ ਜਾ ਰਹੀਆਂ ਸਨ। ਸਾਡੀ ਫੌਜ 'ਕੈਸਰੇ ਹਿੰਦ ਚੌਕੀ' ਕੋਲ ਜਾ ਪੁਜੀ। ਉਸ ਚੌਕੀ ਦੀ ਰੱਖਿਆ ਲਈ ਨਿਯਤ ਕੀਤੀ ਹੋਈ ਸਿਖ ਫੌਜੀਆਂ ਦੀ ਛੋਟੀ ਜਿਹੀ ਟੁਕੜੀ ਸੀ, ਜੋ 'ਸਿਖ ਰਜਮੈਂਟ' ਵਿਚੋਂ ਸਨ। ਉਹਨਾਂ ਥੋੜੇ ਜਿਹੇ ਜਵਾਨਾਂ ਨੇ ਸਾਡਾ ਅੱਗਾ ਲੋਹੇ ਦੀ ਤਰ੍ਹਾਂ ਰੋਕ ਲਿਆ। ਉਹ ਜ਼ੋਰ ਜ਼ੋਰ ਦੀ 'ਬੋਲੇ ਸੋ ਨਿਹਾਲ—ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਕੇ ਸਾਡੇ ਉਤੇ ਭੁਖੇ ਬਾਜ਼ਾਂ ਅਤੇ ਸ਼ੇਰਾਂ ਦੀ ਤਰ੍ਹਾਂ ਟੁਟ ਪਏ। ਇਹ ਸਭ ਸਿਪਾਹੀ ਸਿੰਘ ਹੀ ਸਨ।

"ਬੜੀ ਖ਼ੌਫਨਾਕ ਤੇ ਘਮਸਾਨ ਦੀ ਲੜਾਈ ਹੋਈ। ਇਥੋਂ ਤਕ ਕਿ ਲੜਦੇ ਲੜਦੇ ਸਿਪਾਹੀ ਇਕ ਦੂਜੇ ਦੇ ਆਹਮੋ ਸਾਹਮਣੇ ਦਸਤ-ਬਦਸਤ, ਹਥੋ-ਪਾਈ ਤਕ ਜਾ ਪਹੁੰਚੇ। 'ਯਾ ਅਲੀ' ਤੇ 'ਸਤਿ ਸ੍ਰੀ ਅਕਾਲ' ਦੇ ਨਾਹਰਿਆਂ ਨਾਲ ਆਕਾਸ਼ ਅਤੇ ਧਰਤੀ ਗੂੰਜ ਉਠੇ। ਸਿੰਘਾਂ ਨੇ ਹਥੋ-ਹੱਥ ਦੀ ਲੜਾਈ ਵਿਚ ਵੀ ਏਨੀ ਬਹਾਦਰੀ ਵਿਖਾਈ ਕਿ ਉਨ੍ਹਾਂ ਸਾਡੇ ਸਾਰੇ ਅਰਮਾਨ ਮਿਟੀ ਵਿਚ ਮਿਲਾ ਦਿਤੇ।

"ਇਸ ਲੜਾਈ ਵਿਚ ਬਲੋਚ ਰਜਮੈਂਟ ਦਾ ਲੈਫਟੀਨੈਂਟ ਕਰਨਲ ਗੁਲਾਬ ਹੁਸੈਨ ਮਾਰਿਆ ਗਿਆ। ਉਸ ਨਾਲ ਮੇਜਰ ਮੁਹੰਮਦ ਜ਼ਈਫ਼ ਅਤੇ ਕੈਪਟਨ ਆਰਿਫ਼ ਸਲੀਦ ਵੀ ਮਾਰੇ ਗਏ ਸਾਡੇ ਜਵਾਨਾਂ ਦੇ ਮਾਰੇ ਜਾਣ ਦੀ ਗਿਣਤੀ ਨਹੀਂ ਸੀ ਕੀਤੀ ਜਾ ਸਕਦੀ। ਸਿਰਫ਼ ਮੁਠੀ ਭਰ ਸਿੰਘਾਂ ਦੀ ਗਿਣਤੀ ਦਾ ਹੌਸਲਾ ਵੇਖ ਕੇ ਅਸੀਂ ਹੱਕੇ ਬੱਕੇ ਰਹਿ ਗਏ।

"ਜਦ ਅਸੀਂ ਪੱਕੀ ਪੋਸਟ, ਜੋ ਤਿੰਨ-ਮੰਜਲੀ ਅਤੇ ਪੱਕੀ ਸੀਮਿੰਟ ਦੀ ਬਣੀ ਸੀ, ਉਤੇ ਕਬਜ਼ਾ ਕਰ ਲਿਆ, ਤਾਂ ਸਿੰਘ ਸਿਪਾਹੀ ਉਸ ਦੀ ਉਪਰਲੀ ਛੱਤ ਉਤੇ ਕਾਬਜ਼ ਹੋ ਗਏ ਅਤੇ ਸਾਡਾ ਡਟ ਕੇ ਮੁਕਾਬਲਾ ਕਰਦੇ ਰਹੇ। ਉਹ ਸਾਰੀ ਰਾਤ ਸਾਡੇ ਉਤੇ ਗੋਲੀਆਂ ਦਾ ਮੀਂਹ ਵਰ੍ਹਾਂਦੇ ਰਹੇ। ਉਹ ਬੜੀ ਉੱਚੀ ਅਵਾਜ਼ ਵਿਚ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛਡਦੇ ਰਹੇ। ਇਹਨਾਂ ਸਿਖ ਜਵਾਨਾਂ ਨੇ ਅਗਲੇ ਦਿਨ ਤਕ ਮੁਕਾਬਲਾ ਜਾਰੀ ਰਖਿਆ।

"ਅਗਲੇ ਦਿਨ ਪਾਕਿਸਤਾਨੀ ਟੈਂਕਾਂ ਨੇ ਇਸ ਚੌਕੀ ਨੂੰ ਘੇਰਾ ਪਾ ਕੇ ਤੋਪਾਂ ਨਾਲ ਉਡਾ ਦਿੱਤਾ। ਉਹ ਮੁਠੀ ਭਰ ਸਿੰਘ ਮੁਕਾਬਲਾ ਕਰਦੇ ਸ਼ਹੀਦ ਹੋ ਗਏ, ਪਰ ਦੂਜੇ ਸਿੰਘ ਸਿਪਾਹੀਆਂ ਨੇ ਆਪਣੇ ਤੋਪਖਾਨੇ ਦੀ ਮਦਦ ਨਾਲ ਸਾਡੇ ਟੈਂਕਾਂ ਨੂੰ ਨਸ਼ਟ ਕਰ ਦਿਤਾ। ਉਹ ਬੜੀ ਬਹਾਦਰੀ ਨਾਲ ਲੜਦੇ ਹੋਏ ਅਗੇ ਵਧ ਆਏ। ਇਸ ਤਰ੍ਹਾਂ ਸਾਡੀ ਸਾਰੀ ਫ਼ੌਜ ਦੇ ਪੈਰ ਉਖੜ ਗਏ।

"ਮੁਠੀ ਭਰ ਸਿੰਘਾਂ ਨੇ ਸਾਡੀ ਮਹਾਨ ਜਿਤ ਨੂੰ ਹਾਰ ਵਿਚ ਬਦਲ ਕੇ ਸਾਡੇ ਹੌਸਲਿਆਂ ਨੂੰ ਮਿੱਟੀ ਵਿਚ ਮਿਲਾ ਦਿਤਾ। ਸਾਰੇ ਬਾਰਡਰ ਉਤੇ ਸਾਡੇ ਹੌਸਲੇ ਪਸਤ ਹੋ ਗਏ। ਇਹੋ ਕੁਝ ਸਾਡੇ ਨਾਲ ਢਾਕੇ (ਬੰਗਲਾ ਦੇਸ਼) ਵਿਚ ਹੋਇਆ। ਜੈਸੂਰ ਦੀ ਲੜਾਈ ਵਿਚ ਸਿੰਘਾਂ ਨੇ ਪਾਕਿਸਤਾਨੀ ਫੌਜ ਨਾਲ ਉਹ ਟੱਕਰ ਲਈ, ਜਿਸ ਨਾਲ ਸਾਡੀ ਕਮਰ ਟੁਟ ਗਈ।

"ਇਹੀ ਇਕ ਵੱਡਾ ਤੇ ਖਾਸ ਕਾਰਨ ਪਾਕਿਸਤਾਨ ਦੇ ਹਾਰ ਜਾਣ ਦਾ ਬਣਿਆ।"

ਸਾਨੂੰ ਗੱਲਾਂ ਕਰਦਿਆਂ ਕਾਫ਼ੀ ਦੇਰ ਹੋ ਗਈ ਸੀ। ਕਰਨਲ ਦੇ ਸਾਰੇ ਸਾਥੀ ਪਾਣੀਉਂ ਬਾਹਰ ਨਿਕਲ ਆਏ ਸਨ। ਉਹਨਾਂ ਨਾਲ ਮੁਲਾਕਾਤ ਕਰਾਂਦਿਆਂ ਉਹ ਕਹਿਣ ਲਗਾ, "ਮੇਰੇ ਵਲੋਂ ਪੰਜਾਬੀ ਲੋਕਾਂ ਨੂੰ ਸਲਾਮ



www.AKJ.Org

**ਸੰਪਾਦਕ ਦੇ ਨਾਂ–**

# ਪੁਲਸ ਕਾਰਵਾਈ

[ਵਲੋਂ—ਪ੍ਰੋ: ਇੰਦਰਜੀਤ ਸਿੰਘ, ਖਾਲਸਾ ਕਾਲਜ, ਜਲੰਧਰ]

ਪਿਛਲੇ ਕੁਝ ਸਮੇਂ ਤੋਂ ਸ: ਬਰਨਾਲਾ ਵਲੋਂ ਕੀਤੀ 'ਪੁਲਸ ਕਾਰਵਾਈ' ਨੂੰ ਲੈ ਕੇ ਕਾਫੀ ਵਾਦ ਵਿਵਾਦ ਹੋ ਰਿਹਾ ਹੈ। ਇਸ ਕਾਰਵਾਈ ਨੇ ਜਿਥੇ ਸਿੱਖ ਹਿਰਦਿਆਂ ਨੂੰ ਦੁਖੀ ਕੀਤਾ ਹੈ, ਉੱਥੇ ਅਕਾਲੀ ਪਾਰਟੀ ਵੀ ਵੰਡੀ ਗਈ ਹੈ। ਆਉ ਵੇਖੀਏ ਕਿ ਬਰਨਾਲਾ ਜੀ ਦੀ ਕਾਰਵਾਈ ਜਾਇਜ਼ ਹੈ ਜਾਂ ਨਜਾਇਜ਼ ? ਕੀ ਅਲਗ ਹੋਏ ਧੜੇ ਨੂੰ 'ਗ਼ੱਦਾਰ' ਜਾਂ 'ਗੱਦੀਆਂ' ਦੇ ਭੁੱਖੇ ਕਹਿਣਾ ਠੀਕ ਹੈ ?

ਇਤਿਹਾਸ ਗਵਾਹ ਹੈ ਕਿ ਸ਼ਰੋਮਣੀ ਅਕਾਲੀ ਦਲ ਦੀ ਹੋਂਦ ਅਤੇ ਇਸ ਦਾ ਇਕ ਮੁੱਖ ਅਧਾਰ ਇਹ ਰਿਹਾ ਹੈ ਕਿ ਪੁਲਸ ਗੁਰਦੁਆਰਿਆਂ ਵਿਚ ਦਾਖਲ ਨਹੀਂ ਹੋਵੇਗੀ। ਬਰਨਾਲਾ ਸਾਹਿਬ ਅਕਾਲੀ ਦਲ ਦੇ ਪ੍ਰਧਾਨ ਹਨ। ਕੀ ਪ੍ਰਧਾਨ ਹੋਣ ਦੀ ਹੈਸੀਅਤ ਵਿਚ ਦਰਬਾਰ ਸਾਹਿਬ ਸਮੂਹ ਵਿਚ ਪੁਲਸ ਦਾਖਲ ਕਰਕੇ ਉਨ੍ਹਾਂ ਸਿੱਖ ਅਸੂਲਾਂ ਨੂੰ ਛਿੱਕੇ ਉੱਪਰ ਨਹੀਂ ਟੰਗ ਦਿੱਤਾ ? ਬਰਨਾਲਾ ਜੀ ਨੇ ਅਕਾਲ ਤਖਤ ਉੱਪਰ ਪੇਸ਼ ਹੋ ਕੇ ਜਿਹੜਾ ਸਪੱਸ਼ਟੀਕਰਨ ਦਿੱਤਾ ਹੈ ਉਸ ਵਿਚ ਉਨ੍ਹਾਂ ਕਿਹਾ ਹੈ ਕਿ ਮੈਂ ਇਹ ਕਾਰਵਾਈ 'ਸਰਬੱਤ ਖਾਲਸਾ' ਦੇ ਹੁਕਮਾਂ ਅਨੁਸਾਰ ਕੀਤੀ ਹੈ। 'ਸਰਬੱਤ ਖਾਲਸਾ' ਵਿਚ ਪਾਸ ਹੋਏ ਗੁਰਮਤੇ ਦਾ ਉਹ ਹਿੱਸਾ ਜਿਸ ਵਿਚ ਦਰਬਾਰ ਸਾਹਿਬ ਸਮੂਹ ਨੂੰ ਖਾਲੀ ਕਰਾਉਣ ਦੀ ਹਦਾਇਤ ਕੀਤੀ ਗਈ ਹੈ, ਉਹ ਇਹ ਹੈ :

'ਇਹ ਸਮਾਗਮ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ ਨੂੰ ਹਦਾਇਤ ਕਰਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਸਮੂਹ ਵਿਚੋਂ ਇਨ੍ਹਾਂ ਦਾ ਨਜਾਇਜ਼ ਦਖਲ ਖਤਮ ਕਰਨ ਅਤੇ ਭੰਗ ਹੋਈ ਮਰਯਾਦਾ ਨੂੰ ਮੁੜ ਕਾਇਮ ਕਰਨ ਲਈ ਛੇਤੀ ਤੋਂ ਛੇਤੀ ਉੱਪਰਾਲਾ ਕਰਨ। ਇਸ ਸਬੰਧੀ ਜੋ ਵੀ ਕਦਮ ਇਨ੍ਹਾਂ ਵਲੋਂ ਚੁੱਕਿਆ ਜਾਵੇਗਾ, ਉਸ ਨੂੰ ਸਾਰੇ ਪੰਥ ਦਾ ਮੁਕੰਮਲ ਸਹਿਯੋਗ ਅਤੇ ਪ੍ਰਵਾਨਗੀ ਪ੍ਰਾਪਤ ਹੋਵੇਗੀ।'

—ਅਜੀਤ ੧੮ ਮਈ ੮੬, ਪੰਨਾ ਨੰ: ੩

ਇਸ ਮਤੇ ਵਿਚੋਂ ਸਾਫ ਜ਼ਾਹਿਰ ਹੈ ਕਿ ਜ਼ਿੰਮੇਵਾਰੀ ਸ਼ਰੋਮਣੀ ਪ੍ਰਬੰਧਕ ਕਮੇਟੀ ਤੇ ਸ਼ਰੋਮਣੀ ਅਕਾਲੀ ਦਲ ਨੂੰ ਸੌਂਪੀ ਗਈ ਹੈ, ਪੰਜਾਬ ਸਰਕਾਰ ਨੂੰ ਨਹੀਂ; ਕੀ ਬਰਨਾਲਾ ਜੀ ਬਾਰ ਬਾਰ ਇਹ ਕਹਿ ਕੇ ਕਿ ਉਨ੍ਹਾਂ 'ਸਰਬੱਤ ਖਾਲਸਾ' ਦੇ ਹੁਕਮਾਂ ਅਨੁਸਾਰ ਕੀਤਾ ਹੈ, ਝੂਠ ਨਹੀਂ ਬੋਲ ਰਹੇ ? ਅਸੀਂ ਸਮਝਦੇ ਹਾਂ ਕਿ ਤੁਸੀਂ ਵੀ ਇਸ 'ਸੱਚ' ਨੂੰ ਲੋਕਾਂ ਸਾਹਮਣੇ ਨਾ ਲਿਆ ਕੇ ਇਕ ਨਿਰਪੱਖ ਪੱਤਰਕਾਰ ਦੇ ਫ਼ਰਜ਼ਾਂ ਤੋਂ ਕੁਤਾਹੀ ਕੀਤੀ ਹੈ। ਤੁਹਾਡੇ ਵਰਗੇ ਪੱਤਰਕਾਰ ਤੋਂ ਇਹ ਉਮੀਦ ਨਹੀਂ ਸੀ ਕੀਤੀ ਜਾ ਸਕਦੀ।

ਸ਼ਰੋਮਣੀ ਅਕਾਲੀ ਦਲ ਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਸਰਬੱਤ ਖਾਲਸਾ' ਦੇ ਹੁਕਮਾਂ ਅਨੁਸਾਰ

---

✿ਕਹਿਣਾ। ਜੇ ਤੁਸੀਂ ਲੰਕਾ ਵਿਚ ਕੁਝ ਦਿਨ ਠਹਿਰਨਾ ਹੋਵੇ, ਤਾਂ ਮੈਂ ਤੁਹਾਨੂੰ ਇਥੋਂ ਦੀਆਂ ਸਾਰੀਆਂ ਇਤਿਹਾਸਕ ਥਾਵਾਂ ਆਪਣੀ ਕਾਰ ਵਿਚ ਵਿਖਾ ਸਕਦਾ ਹਾਂ।" ਮੈਂ ਉਸਦਾ ਧੰਨਵਾਦ ਕੀਤਾ ਤੇ ਕਿਹਾ, "ਦੋਸਤਾ ! ਅਸੀਂ ਜਲਦੀ ਹੀ ਚਲੇ ਜਾਣਾ ਹੈ। ਜਦੋਂ ਅਗਲੀ ਵਾਰ ਆਏ, ਜ਼ਰੂਰ ਤੁਹਾਡੇ ਨਾਲ ਮੁਲਾਕਾਤ ਹੋਵੇਗੀ।" ਫਿਰ ਉਸ ਨੇ ਆਪਣੀ ਛੋਟੀ ਬੱਚੀ ਨਾਲ ਮਿਲਾਇਆ, "ਇਸ ਦਾ ਨਾਂ ਮੈਂ ਬੰਗਲਾ ਦੇਸ਼ ਦੇ ਹੀਰੋ ਭਾਰਤੀ ਫੌਜਾਂ ਦੇ ਜਰਨੈਲ ਜਗਜੀਤ ਸਿੰਘ ਅਰੋੜਾ ਦੇ ਨਾਂ ਤੇ ਜਗਜੀਤ ਰਖਿਆ ਹੈ, ਇਹ ਵੀ ਮੇਰੇ ਨਾਲ ਹੀ ਪੰਜਾਬ ਗਈ ਸੀ।" ਫਿਰ ਉਸ ਨੇ ਮੈਨੂੰ ਘੁਟ ਕੇ ਜਫੀ ਪਾਈ ਤੇ ਸਤਿ ਸ੍ਰੀ ਅਕਾਲ ਕਹਿ ਕੇ ਆਪਣੇ ਪ੍ਰਵਾਰ ਵਿਚ ਜਾ ਰਲਿਆ। ਕਈ ਘੰਟਿਆਂ ਦੀ ਇਸ ਬੜੀ ਪਿਆਰੀ ਤੇ ਯਾਦਗਾਰੀ ਯਾਤਰਾ ਮਗਰੋਂ ਅਸੀਂ ਆਪਣੇ ਟਿਕਾਣੇ ਆ ਗਏ।

—ਨਵਾਂ ਸਾਹਿੱਤ, ਦਿਲੀ, ਮਈ ੧੯੮੬



www.AKJ.Org

ਕੰਮ ਨਾ ਕਰਕੇ ਜਿਥੇ 'ਸਰਬੱਤ ਖਾਲਸਾ' ਦੀ ਅਹਿਮੀਅਤ ਨੂੰ ਘਟਾਇਆ ਹੈ ਉਥੇ ਇਨ੍ਹਾਂ ਸੰਸਥਾਵਾਂ ਦੇ ਵਕਾਰ ਨੂੰ ਵੀ ਸੱਟ ਮਾਰੀ ਹੈ।

ਧਾਰਮਿਕ ਨਜ਼ਰੀਏ ਤੋਂ ਤਾਂ ਬਰਨਾਲਾ ਜੀ ਨੂੰ ਅਕਾਲ ਤਖਤ ਵਲੋਂ 'ਤਨਖਾਹੀਆ' ਕਰਾਰ ਦਿੱਤਾ ਹੀ ਜਾ ਚੁੱਕਾ ਹੈ। ਜੇ ਧਾਰਮਿਕ ਦ੍ਰਿਸ਼ਟੀਕੋਣ ਜਾਂ ਪੁਲਸ ਕਾਰਵਾਈ ਨੂੰ ਇਕ ਪਾਸੇ ਕਰਕੇ ਵੀ ਵੇਖਿਆ ਜਾਵੇ ਤਾਂ ਵੀ ਬਰਨਾਲਾ ਜੀ ਨੂੰ ਗੱਦੀ ਨਾਲ ਚਿੰਬੜੇ ਰਹਿਣ ਦਾ ਕੋਈ ਹੱਕ ਨਹੀਂ। ਕਾਰਨ–ਬਰਨਾਲਾ ਜੀ ਲੋਕਤੰਤਰੀ ਪਾਰਟੀ ਦੇ ਮੁਖੀ ਹਨ। ਮੁਖੀ ਹੋਣ ਦੇ ਨਾਤੇ ਉਨ੍ਹਾਂ ਦਾ ਫ਼ਰਜ਼ ਬਣਦਾ ਸੀ ਕਿ ਉਹ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਪਾਰਟੀ ਕਾਰਜਕਾਰਨੀ ਦੀ ਮੀਟਿੰਗ ਬੁਲਾਉਂਦੇ। ਉਸ ਵਿਚ ਕੋਈ ਫੈਸਲਾ ਕਰਦੇ। ਦਰਬਾਰ ਸਾਹਿਬ ਵਿਚ 'ਪੁਲਸ ਦਾਖਲੇ' ਦਾ ਮਸਲਾ ਕੋਈ ਛੋਟਾ ਮੋਟਾ ਮਸਲਾ ਨਹੀਂ ਸੀ। ਕਿਉਂਕਿ ਇਸ ਉੱਪਰ ਅਕਾਲੀ ਪਾਰਟੀ ਦੀ ਹੋਂਦ ਨਿਰਭਰ ਸੀ। ਪਾਰਟੀ ਦੇ ਅਹੁਦੇਦਾਰਾਂ ਤੇ ਕਾਰਜਕਾਰਨੀ ਦੀ ਮੀਟਿੰਗ ਇਸ ਲਈ ਵੀ ਬੁਲਾਉਣੀ ਜ਼ਰੂਰੀ ਸੀ ਕਿ 'ਨੀਲਾ ਤਾਰਾ' ਕਾਰਵਾਈ ਨੂੰ ਸਮੁੱਚਾ ਸਿੱਖ ਪੰਥ ਤੇ ਅਕਾਲੀ ਦਲ ਅਪ੍ਰਵਾਨ ਕਰ ਚੁੱਕਾ ਸੀ। 'ਸਰਬੱਤ ਖਾਲਸਾ' ਸਮਾਗਮ ਸਮੇਂ ਵੀ ਬਾਦਲ ਨੇ ਪੁਲਸ ਦਾਖਲੇ ਦਾ ਵਿਰੋਧ ਕੀਤਾ ਸੀ ਤੇ ਹਾਜ਼ਰ ਸੰਗਤਾਂ ਨੇ ਭਰਪੂਰ ਤਾੜੀਆਂ ਨਾਲ ਇਸ ਦਾ ਸੁਆਗਤ ਕੀਤਾ ਸੀ।

ਇਸ ਲਈ ਹੋਰ ਵੀ ਜ਼ਰੂਰੀ ਸੀ ਕਿ ਕਾਰਜਕਾਰਨੀ ਦੀ ਮੀਟਿੰਗ ਬੁਲਾਈ ਜਾਂਦੀ। ਕੀ ਬਰਨਾਲਾ ਜੀ ਨੇ ਪਾਰਟੀ ਦੇ ਅਹੁਦੇਦਾਰਾਂ ਤੇ ਕਾਰਜਕਾਰਨੀ ਦੀ ਮੀਟਿੰਗ ਨਾ ਬੁਲਾ ਕੇ ਉਨ੍ਹਾਂ ਨੂੰ ਭਰੋਸੇ ਵਿਚ ਨਾ ਲੈ ਕੇ ਲੋਕਤੰਤਰੀ ਕਦਰਾਂ ਕੀਮਤਾਂ ਉੱਪਰ ਸੱਟ ਨਹੀਂ ਮਾਰੀ? ਕੀ ਅਜਿਹੀ ਸਥਿਤੀ ਵਿਚ ਜੇ ਅਹੁਦੇਦਾਰ ਜਾਂ ਕਾਰਜਕਾਰਨੀ ਦੇ ਮੈਂਬਰ ਅਸਤੀਫੇ ਦਿੰਦੇ ਹਨ ਤਾਂ ਉਨ੍ਹਾਂ ਨੂੰ 'ਗੱਦਾਰ' ਕਿਹਾ ਜਾ ਸਕਦਾ ਹੈ।

ਸਰਕਾਰ ਦੇ ਮੁਖੀ ਹੋਣ ਦੇ ਨਾਤੇ ਵੀ ਬਰਨਾਲਾ ਜੀ ਨੇ ਆਪਣੇ ਸਾਥੀ ਮੰਤਰੀਆਂ ਤੇ ਵਿਧਾਨਕਾਰਾਂ ਨੂੰ ਭਰੋਸੇ ਵਿਚ ਨਹੀਂ ਲਿਆ, ਜੋ ਉਨ੍ਹਾਂ ਦਾ ਫਰਜ਼ ਬਣਦਾ ਸੀ। ਇਥੋਂ ਤਕ ਕਿ ਅਖੀਰੀ ਕੈਬਨਿਟ ਮੀਟਿੰਗ ਵਿਚ ਵੀ ਉਨ੍ਹਾਂ ਪੁਲਸ ਦਾਖਲੇ ਦਾ ਕੋਈ ਸੰਕੇਤ ਨਹੀਂ ਦਿੱਤਾ। ਸਗੋਂ ੨੯ ਅਪ੍ਰੈਲ ਦੀ ਰਾਤ ਉਹ ਕਾਂਗਰਸ ਉਪ ਪ੍ਰਧਾਨ ਅਰਜਨ ਸਿੰਘ ਤੇ ਕੇਂਦਰੀ ਮੰਤਰੀ ਅਰੁਨ ਸਿੰਘ ਨਾਲ ਦਿੱਲੀ ਤੋਂ ਅੰਮ੍ਰਿਤਸਰ ਆਏ ਤੇ ਸਲਾਹ ਮਸ਼ਵਰਾ ਕਰਦੇ ਰਹੇ। ਇਥੋਂ ਤਕ ਕਿ ਉਨ੍ਹਾਂ ਪੰਜਾਬ ਦੇ ਗਵਰਨਰ ਨਾਲ ਵੀ ਇਸ ਬਾਰੇ ਮਸ਼ਵਰਾ ਨਹੀਂ ਕੀਤਾ। ਭਾਵ ਬਰਨਾਲਾ ਜੀ ਨੂੰ ਆਪਣੀ ਪਾਰਟੀ ਤੇ ਆਪਣੀ ਸਰਕਾਰ ਵਿਚਲੇ ਸਾਥੀਆਂ ਨਾਲੋਂ ਕਾਂਗਰਸੀ ਤੇ ਕੇਂਦਰ ਸਰਕਾਰ ਵਧੇਰੇ ਨੇੜੇ ਜਾਪੇ? ਕੀ ਅਜਿਹੀ ਸਥਿਤੀ ਵਿਚ ਰੋਸ ਵਜੋਂ ਜੇ ਕੁਝ ਮੰਤਰੀਆਂ ਅਸਤੀਫੇ ਦਿੱਤੇ ਜਾਂ ਵਿਧਾਇਕਾਂ ਨਵਾਂ ਗਰੁਪ ਬਣਾ ਲਿਆ, ਤਾਂ ਉਨ੍ਹਾਂ ਨੂੰ 'ਗ਼ੱਦਾਰ' ਕਿਹਾ ਜਾ ਸਕਦਾ ਹੈ? ਕੀ ਆਪਣੀ ਪਾਰਟੀ ਤੇ ਸਰਕਾਰ ਨੂੰ ਭਰੋਸੇ ਵਿਚ ਨਾ ਲੈਣਾ ਤੇ ਕੇਂਦਰ ਦੇ ਆਖੇ ਪੁਲਸ ਕਾਰਵਾਈ ਕਰ ਲੈਣੀ 'ਗੱਦਾਰੀ' ਜਾਂ 'ਵਿਸ਼ਵਾਸਘਾਤ' ਨਹੀਂ?

ਬਰਨਾਲਾ ਜੀ ਕੇਂਦਰ ਦੇ ਹੱਥਾਂ ਵਿਚ ਖੇਡ ਕੇ ਜਿਥੇ ਉਨ੍ਹਾਂ ਦੇ 'ਨੀਲਾ ਤਾਰਾ' ਉਪਰੇਸ਼ਨ ਨੂੰ ਜਾਇਜ਼ ਠਹਿਰਾਉਣ ਵਿਚ ਸਹਾਈ ਹੋਏ ਹਨ, ਉੱਥੇ ਉਨ੍ਹਾਂ ਨੇ ਸਮੁੱਚੇ ਪੰਥ ਨੂੰ ਮੰਝਧਾਰ ਵਿਚ ਲਿਆ ਖੜ੍ਹਾ ਕੀਤਾ ਹੈ।

ਬਰਨਾਲਾ ਜੀ ਨੇ ਸ਼ਾਇਦ ਕਾਂਗਰਸੀਆਂ ਦੀ ਰੀਸ ਕਰਨ ਦੀ ਸਹੁੰ ਲਈ ਲੱਗਦੀ ਹੈ, ਇਸੇ ਕਰਕੇ ਉਹ ਇਕੋ ਸਮੇਂ ਇੰਦਰਾ ਗਾਂਧੀ ਵਾਂਗ ਪਾਰਟੀ ਪ੍ਰਧਾਨ ਵੀ ਬਣੇ ਤੇ ਸਰਕਾਰ ਦੇ ਮੁਖੀ ਵੀ। ਫਿਰ ਉਸੇ ਵਾਂਗ ਡਿਕਟੇਟਰ ਬਣ ਕੇ ਪਾਰਟੀ ਤੇ ਸਾਥੀ ਮੰਤਰੀਆਂ ਦੀ ਕੋਈ ਪਰਵਾਹ ਨਹੀਂ ਕੀਤੀ, ਤੇ ਸਭ ਤੋਂ ਵੱਡੀ ਗੱਲ ਉਸੇ ਵਾਂਗ ਗੁਰੂ ਅਰਜਨ ਦੇਵ ਜੀ ਨਾਲ ਸਬੰਧਤ ਪਵਿੱਤਰ ਦਿਹਾੜੇ ਤੇ ਦਰਬਾਰ ਸਾਹਿਬ 'ਚ 'ਬਰਨ਼ਾਲਾ ਉਪਰੇਸ਼ਨ' ਕੀਤਾ। ਫਿਰ ਉਨ੍ਹਾਂ ਨੂੰ ਨਕਲ ਕਰਨ ਲਈ ਭਜਨ ਲਾਲ ਲੱਭਾ, ਜਿਸ ਦੇ ਰਾਹ ਉੱਪਰ ਚਲਦਿਆਂ ਉਨ੍ਹਾਂ ਅਕਾਲੀ ਵਿਧਾਇਕਾਂ ਨੂੰ 'ਹਿਮਾਚਲ ਦਰਸ਼ਨ' ਲਈ ਭੇਜ ਦਿੱਤਾ ਅਤੇ ਫਿਰ ਆਪਣੇ ਨਿੱਜੀ ਹਿੱਤਾਂ (ਕੁਰਸੀ ਦੀ ਲੜਾਈ) ਲਈ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਰਾਹ ਉੱਪਰ ਪਾ ਕੇ 'ਵਿਕਾਊ ਮਾਲ' ਬਣਾਇਆ, ਜਿਸ ਨਾਲ ਸਿੱਖ ਪੰਥ ਲੋਕਾਂ ਦੀਆਂ ਨਜ਼ਰਾਂ ਵਿਚ ਹਾਸ ਮਜ਼ਾਕ ਦਾ ਪਾਤਰ ਬਣਿਆ।



www.AKJ.Org

ਭਾਵੇਂ ਬਰਨਾਲਾ ਜੀ ਨੇ ਆਪਣੇ ਆਪ ਨੂੰ ਅਕਾਲ ਤਖਤ ਉੱਪਰ ਪੇਸ਼ ਕਰਕੇ ਸਿੱਖ ਸੰਗਤਾਂ ਦਾ ਪੈਰੋਕਾਰ ਸਾਬਤ ਕਰਨਾ ਚਾਹਿਆ ਹੈ, ਪਰ ਉਨ੍ਹਾਂ ਦੇ ਅਕਾਲ ਤਖਤ ਉੱਪਰ ਪੇਸ਼ ਹੋਣ ਤੋਂ ਪਹਿਲਾਂ ਅੰਮ੍ਰਿਤਸਰ ਦੇ ਸਰਕਟ ਹਾਊਸ ਵਿਚ ਸਿੰਘ ਸਾਹਿਬਾਨ ਨਾਲ 'ਬੰਦ ਕਮਰੇ' ਦੀਆਂ ਮੁਲਾਕਾਤਾਂ (ਜਿਨ੍ਹਾਂ ਦਾ ਪ੍ਰਗਟਾਵਾ ਇੰਡੀਆ ਐਕਸਪ੍ਰੈੱਸ ਮਿਤੀ ੧੮ ਮਈ, ੮੬ ਪੰਨਾ ੭ ਉੱਪਰ ਵਿਸਥਾਰ ਸਹਿਤ ਦਿੱਤਾ ਹੈ) ਨੇ ਜਿਥੇ ਇਸ ਕਾਰਵਾਈ ਨੂੰ ਇਕ 'ਨਾਟਕ' ਸਿੱਧ ਕਰ ਦਿੱਤਾ ਹੈ ਉਥੇ ਸਿੰਘ ਸਾਹਿਬਾਨ ਦੀ ਸਰਬ-ਉੱਚਤਾ ਪ੍ਰਤੀ ਪ੍ਰਸ਼ਨ ਚਿੰਨ ਲਗਾ ਦਿੱਤਾ ਹੈ, ਪਰ ਇਹ 'ਬੰਦ ਕਮਰੇ' ਦੀਆਂ ਮੁਲਾਕਾਤਾਂ ਵੀ ਬਰਨਾਲਾ ਜੀ ਨੂੰ 'ਤਨਖਾਹੀਆ' ਹੋਣ ਤੋਂ ਨਹੀਂ ਬਚਾਅ ਸਕੀਆਂ।

ਸਭ ਤੋਂ ਵੱਡੀ ਵਿਸੰਗਤੀ ਇਹ ਕਿ ਸਿੰਘ ਸਾਹਿਬਾਨ ਦੀ ਹਾਜ਼ਰੀ ਵਿਚ, ਜਦ ਬਰਨਾਲਾ ਜੀ ਆਪਣਾ ਸਪੱਸ਼ਟੀਕਰਨ ਦੇ ਰਹੇ ਸਨ ਤਾਂ ਕੁਝ ਵਿਖਾਵਾਕਾਰੀਆਂ (ਜਿਨ੍ਹਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ) ਨੂੰ ਘੇਰਨ ਲਈ ਪੁਲਸ ਤੇ ਸੀ. ਆਰ. ਪੀ. ਐਫ. ਦੇ ਦਸਤੇ ਫਿਰ ਦਰਬਾਰ ਸਾਹਿਬ ਸਮੂਹ ਵਿਚ ਦਾਖਲ ਹੋ ਗਏ।

ਸ਼ਾਇਦ ਸਿੰਘ ਸਾਹਿਬਾਨ ਇਸ 'ਕੁਤਾਹੀ' ਲਈ ਬਰਨਾਲਾ ਜੀ ਨੂੰ ਫਿਰ ਅਕਾਲ ਤਖਤ ਉੱਤੇ ਹਾਜ਼ਰ ਹੋਣ ਲਈ ਕਹਿਣਗੇ ਅਤੇ ਬਰਨਾਲਾ ਜੀ ਫਿਰ ਪੇਸ਼ ਹੋਣ ਦਾ 'ਨਾਟਕ' ਕਰ ਕੇ 'ਤਨਖਾਹ' ਲਵਾ ਕੇ 'ਦੋਸ਼ ਮੁਕਤ' ਹੋ ਜਾਣਗੇ। ਪਤਾ ਨਹੀਂ ਕਿਉਂ ਸਾਡੇ ਸਿੱਖ ਆਗੂ ਸਿੱਖ ਸੰਸਥਾਵਾਂ ਤੇ ਰਵਾਇਤਾਂ ਦਾ ਮਖੌਲ ਉਡਾਉਣ ਉੱਤੇ ਤੁਲੇ ਹੋਏ ਹਨ।......

—ਅਜੀਤ ੨੭-੫-੮੬

---

# ਮੇਰਾ ਧਰਮ

[ਸ: ਲਾਲ ਸਿੰਘ ਜੀ ਐਮ. ਐਸ-ਸੀ. ਕੀਟ ਵਿਗਿਆਨ, ਪੀ. ਏ. ਯੂ, ਲੁਧਿਆਣਾ]

ਮੇਰਾ ਧਰਮ ਕੋਈ ਝੂਠ ਦਾ ਪੁਲੰਦਾ ਨਹੀਂ
ਇਹ ਤਾਂ ਜੀਵਨ-ਜਾਚ ਹੈ।
ਸਾਰੇ ਮਨੁੱਖਾਂ ਨੂੰ ਇਕ ਕਤਾਰ ਵਿੱਚ ਖੜੇ ਕਰਦਾ ਹੈ
ਕਹਿ ਕੇ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ'।
ਨਹੀਂ ਕਹਿੰਦਾ ਕਿਸੇ ਦਾ ਹੱਕ ਮਾਰਨ ਲਈ
ਪਰ ਹੱਕ ਪਰਾਇਆ ਸੂਰ ਅਤੇ
ਗਊ ਦੇ ਮਾਸ ਨਾਲ ਤੁਲਨਾ;
ਹੈ ਇਸ ਦਾ ਸੰਦੇਸ਼।

ਨਹੀਂ ਪੂਜਣਾ ਮੜ੍ਹੀ, ਮਸਾਣਾਂ, ਬੁੱਤਾਂ ਨੂੰ
ਪਰ ਪੂਜਾ ਇਕ ਅਕਾਲ ਦੀ।
ਠੱਗੀ ਚੋਰੀ ਨਹੀਂ, ਪਰ ਦੱਸਦਾ ਹੈ ਸੱਚੀ ਕਿਰਤ ਕਰਨਾ।
ਲੋੜਵੰਦ ਦੀ ਸਹਾਇਤਾ ਕਰਨੀ
ਅਤੇ ਵੰਡ ਕੇ ਹੈ ਛਕਣਾ।
ਕਰਮਾਂ ਕਾਂਡਾਂ ਨੂੰ ਨਹੀਂ,
ਪਰ, ਅਸਲੀ ਜੀਵਨ ਹੈ ਸਿਖਣਾ।

ਮਾਰਗ ਸੱਚਾ ਹੈ ਫੜਨਾ,
ਦੇਸ਼ ਕੌਮ ਲਈ ਮਰਨਾ।
ਦਸਦਾ ਅਣਖ ਤੇ ਇੱਜ਼ਤ ਦੀ ਰਾਖੀ ਕਰਨਾ।
ਸੱਚ ਇਨਸਾਫ਼ ਲਈ ਬੰਦ ਬੰਦ ਕਟਾਣਾ।
ਕਹਿੰਦਾ
'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ'।
ਵਹਿਮਾਂ ਭਰਮਾਂ ਦਾ ਡੇਰਾ ਹੈ ਪੁੱਟਣਾ।

ਨਹੀਂ ਕਹਿੰਦਾ ਤੂੰ ਜੰਗਲਾਂ ਵਿੱਚ 'ਉਸਨੂੰ' ਭਾਲ
ਪਰ ਹੈ 'ਉਹ' ਇਨਸਾਨ ਅੰਦਰ।
ਜੇ ਉਸਨੂੰ ਪਿਆਰ ਹੈ ਕਰਨਾ,
ਮੁਹੱਬਤ ਕਰ ਲੈ ਇਨਸਾਨੀਅਤ ਨਾਲ।
ਇਹ ਕਹਿੰਦਾ ਹੈ ਬੇਇਸਾਫ਼ ਰਾਜਿਆਂ ਨੂੰ ਕਸਾਈ ਕੁੱਤੇ
ਅਤੇ ਲੁਟੇਰਿਆਂ ਨੂੰ ਪਾਪ ਦੀ ਜੰਞ।



www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਦਸਮੇਸ਼ ਪਿਤਾ ਜੀ ਕਈ ਅਦਿਭੁਤ ਕੌਤਕ ਰਚਾ ਕੇ, ਗੁਰਸਿਖਾਂ ਨੂੰ ਕਈ ਗੁਝੀਆਂ ਰਮਜ਼ਾਂ ਸਮਝਾ ਦੇਂਦੇ। ਕਲਗੀਧਰ ਜੀ ਆਮ ਕਰਕੇ ਖ਼ਤਰਨਾਕ ਤੇ ਜ਼ਾਲਮ ਜੰਗਲੀ ਰਿੱਛਾਂ ਸ਼ੇਰਾਂ ਆਦਿ ਦੇ ਸ਼ਿਕਾਰ ਜਾਂਦੇ ਰਹਿੰਦੇ ਸਨ, ਜੋ ਮਨੁਖਾਂ ਤੇ ਜਨੌਰਾਂ ਨੂੰ ਨੁਕਸਾਨ ਪੁਚਾਂਦੇ ਸਨ। ਕਲਗੀਧਰ ਜੀ ਨੇ ਇਕੇਰਾਂ ਹਨੇਰੇ ਵਿਚ ਇਕ ਅਵਾਰਾ ਫਿਰਦੇ ਖੋਤੇ ਨੂੰ ਸ਼ੇਰ ਦੀ ਖੱਲ ਪਹਿਨਾ ਕੇ, ਖੇਤਾਂ ਵਿਚ ਛਡ ਦਿਤਾ। ਸਵੇਰ ਹੋਣ ਤਕ ਲੋਕੀ ਬਾਹਰ ਨਿਕਲੇ ਤਾਂ ਸ਼ੇਰ ਨੂੰ ਵੇਖ ਕੇ ਕੰਬ ਉਠੇ, ਸਭ ਪਾਸੇ ਰੌਲਾ ਪੈ ਗਿਆ। ਸਭ ਘਬਰਾਏ ਫਿਰਦੇ ਸਨ ਜੁ ਕੁਝ ਹੋਰ ਆਉਂਦੇ ਖੋਤਿਆਂ ਨੂੰ ਵੇਖ ਕੇ ਉਸ ਸ਼ੇਰ ਦੀ ਖੱਲ ਵਾਲੇ ਖੋਤੇ ਨੇ ਹੀਂਗਣਾ ਸ਼ੁਰੂ ਕਰ ਦਿਤਾ। ਪਾਜ ਖੁਲ੍ਹ ਗਿਆ ਕਿ ਇਹ ਤਾਂ ਅਸਲ ਵਿਚ ਖੋਤਾ ਹੈ, ਐਵੇਂ ਬਾਹਰੋਂ ਸ਼ੇਰ ਦੀ ਖੱਲ ਪਾਈ ਫਿਰਦਾ ਹੈ, ਸਹਿਮੇ ਹੋਏ ਲੋਕੀ ਇਸ ਪਾਜ ਨੂੰ ਵੇਖ ਕੇ ਹੱਸ ਹੱਸ ਦੂਹਰੇ ਹੋ ਰਹੇ ਸਨ।

ਸੱਚੇ ਪਾਤਸ਼ਾਹ ਜੀ ਨੇ ਦੀਵਾਨ ਵਿਚ ਸਿਖ ਸੰਗਤਾਂ ਨੂੰ ਇਸ ਖੋਤੇ ਦੀ ਮਿਸਾਲ ਦੇ ਕੇ, ਜੋ ਬਾਹਰਮੁਖੀ ਸ਼ੇਰ ਦਿਸਦਾ ਸੀ, ਸਮਝਾਇਆ ਕਿ ਉਹ ਪ੍ਰਾਣੀ ਜੋ ਬਾਹਰਮੁਖੀ ਸਿੱਖੀ ਦਾ ਭੇਖ ਧਾਰਨ ਕਰਦੇ ਹਨ, ਪਰ ਅੰਦਰੋਂ ਸਿਖੀ ਭਾਵਨਾ ਤੋਂ ਵਿਰਵੇ ਹਨ ਅਤੇ ਸਿੱਖੀ ਵਾਲੇ ਕਰਮ ਨਹੀਂ ਕਰਦੇ, ਉਹ ਇਸ ਖੋਤੇ ਵਾਂਗ ਸਵਾਂਗੀ ਹੀ ਹਨ। ਅਜਿਹੇ ਸਵਾਂਗੀਆਂ ਦੇ ਪਾਜ ਸੱਚੀ ਦਰਗਾਹ ਵਿਚ ਉਘੜ ਜਾਣਗੇ, ਕਿਉਂਕਿ ਉਹ ਸਾਹਿਬ ਤਾਂ ਘਟ ਘਟ ਦੀ ਜਾਨਣਹਾਰ ਹੈ ਅਤੇ ਉਸ ਪਾਸੋਂ ਕੁਝ ਵੀ ਗੁਝਾ ਛਿਪਿਆ ਨਹੀਂ; ਜਿਹਾ ਕਿ ਫ਼ੁਰਮਾਨ ਹੈ–

ਸਭੁ ਕਛੁ ਜਾਨੈ ਆਤਮ ਕੀ ਰਹਤ ॥੮॥੫॥ (ਸੁਖਮਨੀ ਸਾਹਿਬ)

ਪੰਚਮ ਪਾਤਸ਼ਾਹ ਅਜਿਹੇ ਪ੍ਰਾਣੀਆਂ ਦੀ ਦਸ਼ਾ ਸੁਖਮਨੀ ਸਾਹਿਬ ਵਿਚ ਇਉਂ ਦਰਸਾ ਰਹੇ ਹਨ–

ਰਹਤ ਅਵਰ ਕਛੁ ਅਵਰ ਕਮਾਵਤ ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥
ਜਾਨਨਹਾਰ ਪ੍ਰਭੂ ਪਰਬੀਨ ॥ ਬਾਹਰਿ ਭੇਖ ਨ ਕਾਹੂ ਭੀਨ ॥੭॥੫॥ (ਸੁਖਮਨੀ ਸਾਹਿਬ)

ਅਤੇ–ਭੇਖ ਦਿਖਾਇ ਜਗਤ ਕੋ, ਲੋਗਨ ਕੋ ਬਸਿ ਕੀਨ ॥
ਅੰਤ ਕਾਲ ਕਾਤੀ ਕਟਿਓ, ਬਾਸੁ ਨਰਕ ਮੈ ਲੀਨ ॥੫੬॥ ਬਚਿਤ੍ਰ ਨਾਟਕ, ਅਧਿ: ੬

ਅੱਜ ਦੇ ਸੇਵਾਦਾਰਾਂ, ਰਾਗੀਆਂ, ਗ੍ਰੰਥੀਆਂ, ਪਰਚਾਰਕਾਂ ਨੂੰ ਜਿਥੇ ਆਪੋ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ ਉਥੇ ਅਸਾਨੂੰ ਸਭਨਾਂ ਨੂੰ ਆਪੋ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਲੋੜ ਹੈ ਕਿ ਕਿਤੇ ਅਸੀਂ ਵੀ ਬਾਹਰਲੀ ਰਹਿਤ ਧਾਰ ਕੇ ਅਸਲੀ ਗੁਰਸਿਖੀ ਜੀਵਨ ਵਲੋਂ ਕੋਰੇ ਤਾਂ ਨਹੀਂ। ਸਾਡੇ ਸਭਨਾਂ ਦੀ 'ਆਤਮ ਕੀ ਰਹਤ' ਪਹਿਲਾਂ ਪਰਖੀ ਜਾਣੀ ਹੈ।

ਸਾਡੇ ਦਰਸ਼ਨੀ ਕੇਸ ਦਾੜ੍ਹੇ, ਪੰਜ ਕਕਾਰੀ ਰਹਿਤ, ਸੁੰਦਰ ਦਸਤਾਰੇ ਤੇ ਪਹਿਰਾਵੇ ਕਲਗੀਧਰ ਪਾਤਸ਼ਾਹ ਦੀ ਬਖ਼ਸ਼ੀ ਹੋਈ ਦਾਤਿ ਹੈ। ਇਸੇ ਦਾਤਿ ਕਰਕੇ ਹੀ 'ਖ਼ਾਲਸਾ' ਸਾਰੀ ਦੁਨੀਆ ਤੋਂ ਵਿਲੱਖਣ ਅਤੇ ਸਨਮਾਨ ਯੋਗ ਹੈ। ਇਸ ਇਲਾਹੀ ਬਖਸ਼ਸ਼ ਦੇ ਨਾਲ ਹੀ ਦਸਮੇਸ਼ ਪਾਤਸ਼ਾਹ ਨੇ ਖਾਲਸੇ ਨੂੰ ਉਸ ਦੀ ਅੰਦਰਲੀ ਅਸਲੀਅਤ ਇਉਂ ਸਮਝਾਈ ਹੈ–ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜ੍ਹੀ ਮੱਠ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ ॥੧॥ [ਪਾ: ੧੦–੩੩ ਸਵਈਏ

ਹੁਣ ਦੇਖਣ ਤੇ ਵਿਚਾਰਨ ਵਾਲੀ ਗੱਲ ਇਹੋ ਹੈ ਕਿ ਕੀ ਅਸੀਂ ਪੂਰਨ ਪ੍ਰੇਮ ਤੇ ਪ੍ਰਤੀਤ ਸਹਿਤ ਉਪਰੋਕਤ ਗੁਰ-ਹੁਕਮਾਂ ਦੀ ਕਮਾਈ ਕਰਦੇ ਹਾਂ? ਕੀ ਅੰਮ੍ਰਿਤ ਵੇਲੇ ਦੀ ਸੰਭਾਲ ਪੂਰਨ ਸਿਦਕ ਵਿਚ ਰਹਿ ਕੇ, ਗਰੀਬੀ, ਨਿਮਰਤਾ ਤੇ ਹਲੀਮੀ ਵਿਚ ਰਹਿ ਕੇ ਕਰਦੇ ਹਾਂ? ਕੀ ਨਿਤ ਅੰਮ੍ਰਿਤ ਵੇਲੇ ਦੇ ਇਸ਼ਨਾਨ, ਨਿਤਨੇਮ, ਨਾਮ-



www.AKJ.Org

ਸਿਮਰਨ, ਸਤਸੰਗਤ ਵਿਚ ਮਿਲ ਬੈਠਣ ਦੀ ਲੋਚਾ ਸਾਡੇ ਅੰਦਰ ਬਣੀ ਰਹਿੰਦੀ ਹੈ ? ਕੀ ਗੁਰੂ-ਚਰਨਾਂ ਵਿਚ ਜੁੜ ਬੈਠਣ ਅਤੇ ਨਾਮ-ਬਾਣੀ ਦੇ ਲਾਹੇ ਲੈਣ ਦੀ ਲਾਲਸਾ ਸਾਨੂੰ ਨਿਤ ਸੰਗਤ ਵਿਚ ਪੁਜਣ ਲਈ ਪ੍ਰੇਰਦੀ ਹੈ ? ਇਹ ਕੁਝ ਵੇਖਣ ਲਈ ਆਪੋ ਆਪਣੇ ਅੰਦਰ ਝਾਤੀ ਮਾਰੀਏ ।

ਜੇ ਸਾਡੇ ਅੰਦਰ ਕੁਝ ਬਣ ਬੈਠਣ ਦੀ ਤਮੰਨਾ ਹੈ, ਜੇ ਅਸੀਂ ਆਪਣੇ ਆਪ ਨੂੰ ਬਾਕੀਆਂ ਨਾਲੋਂ ਕੁਝ ਵਿਸ਼ੇਸ਼ ਸਮਝਣ ਲਗ ਪਏ ਹਾਂ, ਜੇ ਹੋਰ ਸਾਰੀ ਲੁਕਾਈ ਸਾਨੂੰ 'ਚੋਰਾਸੀ' ਭੁਗਤ ਰਹੀ ਹੀ ਨਜ਼ਰ ਆਉਂਦੀ ਹੈ ਤਾਂ ਫਿਰ ਸਾਡੇ ਲਈ ਹੁਕਮ ਹੈ–

ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮ ਰਾਇ ਤਿਸੁ ਕਰੇ ਖੁਆਰੀ ॥੨॥੧੨॥

ਗੁਰੂ ਪਾਤਸ਼ਾਹ ਸਿੱਟੇ ਦੀ ਗੱਲ ਦਸ ਕੇ ਪ੍ਰਾਣੀ ਨੂੰ ਸਮਝਾਂਦੇ ਹਨ ਕਿ ਧਰਮ ਰਾਜ ਦੀ ਖੁਆਰੀ ਤੋਂ ਤਦੋਂ ਹੀ ਬਚਿਆ ਜਾ ਸਕਦਾ ਹੈ ਅਤੇ ਸੱਚੀ ਦਰਗਾਹੇ ਤਾਂ ਹੀ ਪਰਵਾਨ ਹੋ ਸਕੀਦਾ ਹੈ ਜੇ ਸਤਿਗੁਰੂ ਦੀ ਕਿਰਪਾ ਨਾਲ ਪ੍ਰਾਣੀ ਦੇ ਅੰਦਰੋਂ ਹਉਮੈ-ਹੰਕਾਰ ਮਿਟ ਜਾਏ । ਗੁਰਵਾਕ–

ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥ ਸੋ ਜਨੁ ਨਾਨਕ ਦਰਗਹ ਪਰਵਾਨੁ ॥੨॥੧੨॥ (ਸੁਖਮਨੀ)

ਸਤਿਗੁਰੂ ਦੀ ਭੈ-ਭਾਵਨੀ ਵਿਚ ਸਦਾ ਅਸਾਂ ਚੇਤੰਨ ਰਹਿਣਾ ਹੈ ਅਤੇ ਗੁਰੂ ਕੇ ਸਿਖਾਂ ਵਾਲੇ ਸਚੇ ਸੁਚੇ ਗੁਣਾਂ ਦੇ ਧਾਰਨੀ ਬਣੇ ਰਹਿਣ ਲਈ ਤਰਲੇ ਲੈਂਦੇ ਰਹਿਣਾ ਹੈ; ਨਹੀਂ ਤਾਂ ਕਿਤੇ ਸ਼ੇਰ ਦੀ ਖੱਲ ਪਹਿਰੇ ਖੋਤੇ ਵਾਂਗ ਅਸੀਂ ਵੀ 'ਭੇਖੀ ਮੂਰਖ ਸਿਖਾਂ' ਦੀ ਗਿਣਤੀ ਵਿਚ ਨਾ ਆਉਂਦੇ ਹੋਈਏ ।

(੨)

ਪੰਜ ਕਕਾਰ ਸਤਿਗੁਰੂ ਜੀ ਨੇ ਗੁਰਸਿਖ ਨੂੰ ਲੋਕ ਪਰਲੋਕ ਵਿਚ ਮੁਖ ਉਜਲਾ ਰਖਣ ਲਈ ਬਖ਼ਸ਼ਸ਼ ਕੀਤੇ । ਗੁਰਸਿਖ ਨੇ ਪੂਰਨ ਭੈ-ਭਾਵਨੀ ਵਿਚ ਰਹਿ ਕੇ, ਲੋਕ-ਲਾਜ ਦੀ ਪਰਵਾਹ ਨਾ ਕਰਦੇ ਹੋਇਆਂ ਇਨ੍ਹਾਂ ਨੂੰ ਧਾਰਨ ਕਰਨਾ ਹੈ । ਖਾਲਸੇ ਦੀ 'ਕਿਰਪਾਨ' ਗਾਤਰੇ ਵਿਚ ਹੁੰਦੀ ਹੈ । ਸਤਿਗੁਰਾਂ ਦੀ ਨਿਸ਼ਾਨੀ ਕਿਰਪਾਨ ਗਾਤਰੇ ਨੂੰ ਕਮੀਜ਼ ਆਦਿ ਦੇ ਹੇਠ ਕਿਉਂ ਲੁਕਾਇਆ ਜਾਏ ? ਸੋਹਣੇ ਦਸਤਾਰੇ ਵਾਲਾ ਗੁਰਸਿਖ ਦਰਸ਼ਨੀ ਦਾੜ੍ਹੇ ਨਾਲ ਸੋਭਦਾ ਹੈ ਅਤੇ ਉਪਰੋਂ ਦੀ ਗਾਤਰੇ ਦੀ ਕਿਰਪਾਨ ਪਹਿਨੀ ਹੋਈ ਹੋਵੇ ਤਾਂ ਹੀ ਖਾਲਸਾ ਸੰਤ-ਸਿਪਾਹੀ ਜਾਪਦਾ ਹੈ । ਇਸੇ ਗੁਰੂ ਬਖਸ਼ੇ ਖਾਸ ਰੂਪ ਵਿਚ ਹੀ ਖਾਲਸਾ ਦੁਨੀਆ ਵਿਚ ਨਿਆਰਾ ਤੇ ਵਿਲੱਖਣ ਹੋ ਸਕਦਾ ਹੈ ।

ਇਸ ਦੇ ਉਲਟ ਜੇ ਗੁਰ-ਅਸਥਾਨਾਂ ਵਲ ਜਾਂ ਹੋਰ ਕਿਤੇ ਜਾਣ ਲਗਿਆਂ ਕਿਰਪਾਨ ਗਾਤਰੇ ਸਜਾਈ ਹੋਵੇ ਅਤੇ ਬੜੇ ਗੁਰਮੁਖੀ ਰੂਪ ਵਿਚ ਸਭਾ-ਸੁਸਾਇਟੀਆਂ ਤੇ ਸਿਖ-ਸੰਗਤਾਂ ਵਿਚ ਵਿਚਰਦਾ ਹੋਵੇ, ਪਰ ਘਰ ਆ ਕੇ ਬਾਕੀ ਲਿਬਾਸ ਵਾਂਗ ਕਿਰਪਾਨ ਵੀ ਲਾਹ ਕੇ ਕਿੱਲੀ ਨਾਲ ਟੰਗ ਦਿਤੀ ਜਾਵੇ ਤਾਂ ਕਕਾਰ ਧਾਰੀ ਹੋਣ ਵਾਲੀ ਗੱਲ ਤਾਂ ਖ਼ਤਮ ਸਮਝੋ । ਜਾਂ ਫਿਰ ਕੰਘੇ ਨਾਲ ਤੀਲੇ ਜਿੰਨੀ ਕਿਰਪਾਨ ਚਮੋੜ ਲੈਣ ਨਾਲ ਕਕਾਰ ਧਾਰਨ ਕਰਨਾ ਨਹੀਂ ਹੋ ਸਕਦਾ । ਇਹ, ਗੁਰੂ ਕੀਆਂ ਬਖ਼ਸ਼ੀਆਂ ਰਹਿਤਾਂ ਵਲੋਂ ਅਵੇਸਲੇ ਹੋਣਾ ਹੈ । 'ਕੜਾ' ਖਾਲਸੇ ਨੂੰ ਸਰਬ-ਲੋਹ ਦਾ ਬਖਸ਼ਿਆ ਗਿਆ ਹੈ, ਸਟੀਲ ਜਾਂ ਸੋਨੇ ਦਾ ਨਹੀਂ । ਸਰਬ-ਲੋਹੀ ਕੜਾ ਹੀ ਕਕਾਰ ਹੋ ਸਕਦਾ ਹੈ, ਹੋਰ ਕੋਈ ਨਹੀਂ । ਹੋਰ ਸ਼ਿੰਗਾਰ ਹੋ ਸਕਦਾ ਹੈ ।

ਗੁਰੂ ਕੀ ਮੋਹਰ ਕੇਸ ਹਨ । ਇਨ੍ਹਾਂ ਦੀ ਸੰਭਾਲ ਲਈ ਕੇਸਕੀ ਤੀਜਾ ਕਕਾਰ ਜਿਥੇ ਸਿੰਘਾਂ ਲਈ ਜ਼ਰੂਰੀ ਹੈ ਉਥੇ ਸਿਖ ਬੱਚੀਆਂ ਲਈ ਵੀ ਉਨਾ ਹੀ ਜ਼ਰੂਰੀ ਹੈ । ਇਸੇ ਕੇਸਕੀ ਕਰਕੇ ਸਿੰਘਣੀ ਦੁਨੀਆ ਭਰ ਦੀਆਂ ਹਜ਼ਾਰਾਂ ਯੁਵਤੀਆਂ ਵਿਚ ਨਿਆਰੀ ਤੇ ਵਿਲੱਖਣ ਹੈ । 'ਕੇਸਕੀ' ਦਸਤਾਰ ਤੋਂ ਵਾਂਝੀਆਂ ਨੰਗੇ ਝਾਟਿਆਂ ਨਾਲ ਤਾਂ ਕਿਰਾੜੀਆਂ ਹੀ ਲਗਦੀਆਂ ਹਨ, ਉਨ੍ਹਾਂ ਵਿਚ ਸਿੰਘਣੀਆਂ ਵਾਲੀ ਵਿਲੱਖਣਤਾ ਹੀ ਨਹੀਂ ਰਹਿੰਦੀ। ਦਸਤਾਰ (ਕੇਸਕੀ) ਨਾਲ ਚੇਹਰੇ ਤੇ ਰੱਬੀ ਜਾਹੋ ਜਲਾਲ ਆ ਵਸਦਾ ਹੈ ਅਤੇ ਉਸ ਦੇ ਸਾਹਮਣੇ ਸਭ ਦੀਆਂ ਅੱਖਾਂ ਨੀਵੀਆਂ ਪੈ ਜਾਂਦੀਆਂ ਹਨ ।

ਕੇਸਕੀ 'ਕਕਾਰ' ਦੇ ਤੌਰ ਤੇ ਬੀਬੀਆਂ ਨੂੰ ਸਾਦਗੀ ਵਲ ਪ੍ਰੇਰਦੀ ਹੈ । ਕੇਸਕੀ ਪਹਿਰ ਕੇ ਹੋਛੇ ਹਾਰ ਸ਼ਿੰਗਾਰ ਲਾਣੇ ਇਸ ਰਹਿਤ ਦੀ ਤੌਹੀਨ ਹੈ । ਇਉਂ ਕਰਨ ਨਾਲ ਅੰਤਰਜਾਮੀ ਸੱਚੇ ਪਾਤਸ਼ਾਹ ਦੀ ਖੁਸ਼ੀ ਦੀ ਆਸ ਕਿਵੇਂ ਰਖੀ ਜਾ ਸਕੀਦੀ ਹੈ ? ਸੁਣਨ ਪੇਖਣ ਵਿਚ ਆਇਆ ਹੈ ਕਿ ਕਈ ਬੀਬੀਆਂ ਕੇਸਕੀਆਂ ਸਜਾ ਕੇ ਫਿਰ ਸੁਰਖ਼ੀਆਂ



www.AKJ.Org

ਬਿੰਦੀਆਂ ਆਦਿ ਕਈ ਤਰ੍ਹਾਂ ਦੇ ਫ਼ੈਸ਼ਨ ਕਲਜੁਗੀ ਜੋਰੂਆਂ ਵਾਂਗ ਕਰ ਲੈਂਦੀਆਂ ਹਨ। ਇਹ ਭਾਰੀ ਭੁਲ ਹੈ ਅਤੇ ਗੁਰੂ ਕੀ ਰਹਿਤ ਦਾ ਮਜ਼ਾਕ ਉਡਾਣ ਵਾਲੀ ਗੱਲ ਹੈ। 'ਗੁਰੂ ਕਿਆਂ' ਨੂੰ ਇਹ ਕਤਈ ਸੋਭਾ ਨਹੀਂ ਦਿੰਦਾ। ਅਜਿਹੀਆਂ ਬੀਬੀਆਂ ਨੂੰ ਆਪਣੀ ਪਿਛਲੀ ਭੁਲ ਬਖਸ਼ਵਾ ਲੈਣੀ ਚਾਹੀਦੀ ਹੈ ਅਤੇ ਅਗੋਂ ਲਈ ਗੁਰੂ ਕੇ ਅਦਬ ਸਤਿਕਾਰ ਵਿਚ ਰਹਿ ਕੇ ਕਕਾਰਾਂ ਦੀ ਧਾਰਨਾ ਕਰਨੀ ਚਾਹੀਦੀ ਹੈ।

ਨੰਗੇ ਕੇਸੀਂ ਰਹਿਣਾ ਜਾਂ ਖੁਲ੍ਹੇ ਕੇਸਾਂ ਨਾਲ ਤੁਰੇ ਫਿਰੇ ਰਹਿਣਾ ਕਿਸੇ ਤਰ੍ਹਾਂ ਵੀ ਠੀਕ ਨਹੀਂ। ਵਿਗਿਆਨਕ ਖੋਜ ਵੀ ਇਸੇ ਨਤੀਜੇ ਤੇ ਅਪੜੀ ਹੈ ਕਿ ਕੇਸਾਂ ਨੂੰ ਢਕ ਕੇ ਰਖਣਾ ਮਨੁਖ ਲਈ ਗੁਣਕਾਰੀ ਹੈ। ਇਸ ਸੰਬੰਧ ਵਿਚ ਸ: ਸਰੂਪ ਸਿੰਘ ਅਲਗ ਕੇਸਾਂ ਬਾਰੇ ਵਿਗਿਆਨਕ ਤੇ ਇਤਿਹਾਸਕ ਖੋਜ ਕਰਦਿਆਂ ਆਪਣੇ ਲੇਖ ਵਿਚ ਲਿਖਦੇ ਹਨ—

'ਜਿਵੇਂ ਕੇਸਾਂ ਬਾਰੇ ਖੋਜ ਕੀਤੀ ਗਈ ਹੈ ਉਵੇਂ ਹੀ ਇਨ੍ਹਾਂ ਦੀ ਸੰਭਾਲ ਤੇ ਦੇਖ-ਰੇਖ ਬਾਰੇ ਕੁਝ ਤੱਤ ਕਢੇ ਗਏ ਹਨ। ਜੇਕਰ ਕੇਸਾਂ ਨੂੰ ਢੱਕ ਕੇ ਰਖਿਆ ਜਾਵੇ ਤਾਂ ਉਹ ਥੋੜੇ ਸਮੇਂ ਵਿਚ ਦੂਣੀ ਤੇਜ਼ ਕਿਰਿਆ ਨਾਲ ਕੰਮ ਕਰਨ ਲਗ ਜਾਂਦੇ ਹਨ। ਢੱਕੇ ਹੋਏ ਕੇਸ ਨੰਗੇ ਕੇਸਾਂ ਨਾਲੋਂ ਬਹੁਤ ਜਲਦੀ ਉਗਦੇ ਹਨ।......ਢਕੇ ਹੋਏ ਸਿਰ ਨਾਲ ਕੇਸ ਸਾਡੇ ਦਿਮਾਗ਼ ਵਿਚ ਵਧੇਰੇ ਸ਼ਕਤੀ ਦੀ ਸਿਰਜਨਾ ਕਰ ਰਹੇ ਹੁੰਦੇ ਹਨ। ਜਦ ਅਸੀਂ ਭਗਤੀ ਵਿਚ ਲੀਨ ਹੋਣ ਕਾਰਨ ਲੋੜ ਨਾਲੋਂ ਵਧ ਸ਼ਕਤੀ ਨੂੰ ਸਰਫ਼ ਕਰ ਰਹੇ ਹੁੰਦੇ ਹਾਂ ਤਾਂ ਢਕੇ ਕੇਸ ਸਾਡੀ ਵਾਧੂ ਲੋੜ ਨੂੰ ਪੂਰਿਆਂ ਕਰ ਰਹੇ ਹੁੰਦੇ ਹਨ। ਪਰ ਇਤਨੀ ਮਹੱਤਵ-ਪੂਰਣ ਗੱਲ ਨੂੰ ਅਣਗੌਲਿਆਂ ਸੁੱਟ ਕੇ ਅਜ ਕਲ੍ਹ ਅਸੀਂ ਰਿਵਾਜੀ ਤੌਰ ਤੇ ਹੀ ਕੇਸਾਂ ਨੂੰ ਢਕ ਕੇ ਧਾਰਮਕ ਅਸਥਾਨਾਂ ਤੇ ਜਾਂਦੇ ਹਾਂ।''

ਕੇਸਾਂ ਦੀ ਸੰਭਾਲ ਤੇ ਦੇਖ-ਰੇਖ ਲਈ ਹੀ ਇਹ 'ਕੇਸਕੀ' ਕਕਾਰ ਦਸਮੇਸ਼ ਪਿਤਾ ਜੀ ਨੇ ਗੁਰਸਿਖਾਂ ਨੂੰ ਬਖ਼ਸ਼ਸ਼ ਕੀਤੀ ਹੈ।

ਕੇਸਾਂ ਦੀ ਸਫ਼ਾਈ ਲਈ ਚੌਥਾ ਕਕਾਰ ਸਤਿਗੁਰੂ ਜੀ ਨੇ ਗੁਰਸਿਖਾਂ ਨੂੰ 'ਕੰਘਾ' ਬਖ਼ਸ਼ਿਆ। ਇਸ ਬਾਰੇ ਉਪਰੋਕਤ ਲੇਖ ਵਿਚ ਵਿਗਿਆਨਕ ਖੋਜ ਦੇ ਅਧਾਰ ਤੇ ਸ: ਸਰੂਪ ਸਿੰਘ ਜੀ ਲਿਖਦੇ ਹਨ—

''ਪਲਾਸਟਿਕ* ਦੇ ਕੰਘੇ ਨਾਲ ਕੇਸ ਵਾਹੁਣਾ ਕੇਸਾਂ ਲਈ ਖ਼ਤਰਨਾਕ ਹੋ ਸਕਦਾ ਹੈ, ਕਿਉਂਕਿ ਉਹ ਉਨ੍ਹਾਂ ਵਿਚ ਅਚੱਲ ਬਿਜਲੀ ਪੈਦਾ ਕਰਦਾ ਹੈ, ਜਿਹੜੀ ਕੇਸਾਂ ਦੇ ਮੂਲ ਸੋਮੇ ਨੂੰ ਨੁਕਸਾਨ ਪਹੁੰਚਾਂਦੀ ਹੈ। ਇਸ ਲਈ ਨਵੀਂ ਖੋਜ ਅਨੁਸਾਰ ਕੇਸ ਲਕੜ ਦੇ ਕੰਘੇ ਨਾਲ ਹੀ ਵਾਹੁਣੇ ਚਾਹੀਦੇ ਹਨ, ਜਿਹੜਾ ਕੇਸਾਂ ਨੂੰ ਹਰ ਹਾਲਤ ਨਾਲ ਸਵੱਛਤਾ ਪ੍ਰਦਾਨ ਕਰਦਾ ਹੈ। ਇਹ ਗੱਲਾਂ ਅੱਜ ਸਾਇੰਸੀ ਯੁਗ ਦੀ ਖੋਜ ਸਦਕਾ ਸਾਨੂੰ ਪਤਾ ਲਗ ਸਕੀਆਂ ਹਨ, ਪਰ ਧੰਨ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ ਅੱਜ ਤੋਂ ੩੧੨ ਸਾਲ ਪਹਿਲਾਂ ਇਨ੍ਹਾਂ ਬਾਰੇ ਸਾਨੂੰ ਸੁਚੇਤ ਕੀਤਾ ਸੀ।''

ਪੰਜਵਾਂ ਕਕਾਰ ਹੈ ਕਛਹਿਰਾ। ਕਛਹਿਰਾ ਸਿਖ ਨੂੰ ਰੇਪਵੀਂ ਕਾਟ ਦਾ ਪਹਿਰਨ ਲਈ ਆਗਿਆ ਹੈ, ਜਿਸ ਨਾਲ ਨੰਗੇਜ ਪੂਰੀ ਤਰ੍ਹਾਂ ਢਕਿਆ ਜਾਂਦਾ ਹੈ। ਘੁਟੰਨੀ ਜਾਂ ਤੰਬੀ-ਨੁਮਾ ਕਛੇ ਪਹਿਰਨੇ ਪਰਵਾਨ ਨਹੀਂ ਹਨ।

( ੩ )

ਜਿਥੇ ਅਸਾਂ ਅੰਦਰੂਨੀ ਤੇ ਬੈਰੂਨੀ ਰਹਿਤ-ਰਹਿਣੀ ਵਿਚ ਪਰਪੱਕ ਹੋਣਾ ਹੈ ਉਥੇ ਗੁਰੂ ਕੇ ਦਸੇ ਹੁਕਮਾਂ ਅਨੁਸਾਰ ਸਾਡੇ ਨਿਤ ਦੇ ਕਾਰ ਵਿਹਾਰ, ਸਾਡੇ ਕਰਮ ਧਰਮ, ਸਾਡੇ ਦੁਖਾਂ ਸੁਖਾਂ ਸਮੇਂ ਰਚੇ ਕਾਰਜ ਵੀ ਗੁਰਮਤੀ ਹੋਣੇ ਜ਼ਰੂਰੀ ਹਨ। ਚੇਤੰਨ ਹੋਣ ਦੀ ਲੋੜ ਹੈ ਕਿ ਜੀਵਨ ਦੇ ਕਿਸੇ ਮੋੜ ਤੇ ਵੀ ਕੋਈ ਗੱਲ ਸਾਥੋਂ ਐਸੀ ਨਾ ਹੋ ਜਾਵੇ ਜੁ ਵੇਖਣ ਸੁਣਨ ਵਾਲੇ ਸਾਡੇ ਤੇ ਕਿੰਤੂ ਕਰ ਸਕਣ। ਉਹ ਕਿੰਤੂ ਸਾਡੇ ਨਿਜਤਵ ਤੇ ਨਹੀਂ, ਸਗੋਂ ਸਾਰੇ ਸਮੂਹਕ ਗੁਰਮਤੀ ਜੀਵਨ ਤੇ ਹੋਵੇਗਾ ਤੇ ਉਸ ਨੂੰ ਲੀਕ ਲਗੇਗੀ। ਮਾਇਕ ਪਦਾਰਥਾਂ ਦੇ ਅਨਿਕ ਪਰਕਾਰੀ ਦਿਖਾਵੇ, ਹਾਰ ਸ਼ਿੰਗਾਰ ਤੇ ਹੋਰ ਕਈ ਤਰ੍ਹਾਂ ਦੇ ਦੁਨਿਆਵੀ ਖੇਖਣ ਕਰਨੇ, ਸਮਾਜ ਵਿਚ ਸਾਡੀ ਪੁਜ਼ੀਸ਼ਨ ਉਚੀ ਕਰਨ ਦੀ ਥਾਵੇਂ ਸਗੋਂ ਹਾਸੋ ਹੀਣੀ ਕਰਦੇ ਹਨ।

* ਪਲਾਸਟਿਕ ਦੀਆਂ ਕੰਘੀਆਂ ਨਾਲ ਕੇਸ ਵਾਹੁਣ ਵਾਲੇ ਸਜਣ ਇਸ ਵਿਗਿਆਨਕ ਖੋਜ ਤੋਂ ਹੀ ਕੁਝ ਸਿਖਿਆ ਲੈਣ।



www.AKJ.Org

ਵੱਡੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਕਈ ਗੁਰਸਿਖਾਂ ਦੇ ਵਿਆਹ-ਕਾਰਜਾਂ ਸਮੇਂ ਕੀਰਤਨ ਸਮਾਗਮ ਦੇ ਨਾਲ ਨਾਲ ਲੇਡੀਜ਼ ਸੰਗੀਤ' ਵੀ ਰਖਿਆ ਜਾਂਦਾ ਹੈ। ਇਸ ਬਾਰੇ ਲੋਕੀ ਘੁਸਰ ਮੁਸਰ ਕਰਦੇ ਸੁਣੀਦੇ ਹਨ। ਆਮ ਸਾਧਾਰਨ ਵਿਅਕਤੀਆਂ ਦੇ ਘਰਾਂ ਵਿਚ ਤਾਂ ਚੌਵੀਹ ਘੰਟੇ ਹੀ ਸਾਕਤ-ਗੀਤ ਵਜਦੇ ਰਹਿੰਦੇ ਹਨ। ਉਹਨਾਂ ਨੂੰ ਗੁਰਬਾਣੀ-ਕੀਰਤਨ ਦੇ ਅਗੰਮੀ ਰਸ ਦੀ ਸਾਰ ਸੋਝੀ ਨਹੀਂ। ਉਨ੍ਹਾਂ ਵਲੋਂ 'ਲੇਡੀਜ਼ ਸੰਗੀਤ' ਰਖੇ ਜਾਣ ਤੇ ਕਿਸੇ ਨੂੰ ਕਿੰਤੂ ਨਹੀਂ। ਪਰ ਜੇ ਨਿਰਬਾਣ ਕੀਰਤਨ ਦੇ ਪ੍ਰੇਮੀਆਂ ਦੇ ਘਰਾਂ ਵਿਚ ਵੀ ਆਂਢੀਆਂ ਗੁਆਂਢੀਆਂ ਦੇ ਪ੍ਰਭਾਵ ਹੇਠਾਂ 'ਲੇਡੀਜ਼ ਸੰਗੀਤ' ਅਥਵਾ 'ਸਾਕਤ-ਗੀਤ' ਆ ਵਜਣ ਤਾਂ ਉਹ ਲੋਕਾਂ ਨੂੰ ਰੜਕਣ ਲਗ ਪੈਂਦਾ ਹੈ। ਚਲੋ ਦੁਨੀਆ ਦੀ ਦੰਦ-ਕਥਾ ਦੀ ਗੱਲ ਛਡੋ, ਪਰ ਇਸ ਤਰ੍ਹਾਂ ਤਾਂ ਅਸੀਂ ਸਤਿਗੁਰਾਂ ਵਲੋਂ ਵੀ ਝੂਠੇ ਪੈਂਦੇ ਹਨ। ਸਤਿਗੁਰਾਂ ਵਲੋਂ ਤਾਂ ਗੁਰਸਿਖਾਂ ਲਈ ਆਦਰਸ਼ ਮਿਲਦੇ ਹਨ–ਮੇਰੇ ਮੋਹਨ ਸ੍ਵਨੀ ਇਹ ਨ ਸੁਨਾਏ ॥

ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧॥ਰਹਾਉ॥ (੮੨੦)

ਅਨੰਦ-ਵਿਆਹ ਦੇ ਕਾਰਜਾਂ ਵਾਂਗ ਹੀ ਮ੍ਰਿਤੂ-ਸਮਾਗਮਾਂ ਵਿਚ ਵੀ ਗੁਰਸਿਖਾਂ ਨੇ ਗੁਰਮਤਿ ਨੂੰ ਹਥੋਂ ਨਹੀਂ ਛਡਣਾ ਅਤੇ ਗੁਰੂ ਕੇ ਭਾਣਿਆਂ ਨੂੰ ਮਿਠਾ ਕਰ ਕੇ ਮੰਨਣਾ ਹੈ। ਪ੍ਰਾਣੀ ਦੇ ਭੋਗ ਸਮੇਂ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਗੁਰਬਾਣੀ ਦੇ ਕੀਰਤਨ ਹੁੰਦੇ ਹਨ, ਕਈ ਭੁਲੜ ਸਜਣ ਉਸ ਸਮੇਂ ਮਹਾਰਾਜ ਦੀ ਹਜ਼ੂਰੀ ਵਿਚ ਪ੍ਰਾਣੀ ਦੀ ਫੋਟੋ ਸਾਹਮਣੇ ਹੀ ਸਜਾ ਦਿੰਦੇ ਹਨ, ਜੋ ਕਿ ਮਹਾਨ ਮਨਮਤਿ ਹੈ। ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿਚ ਕਿਸੇ ਕਿਸਮ ਦੀ ਵੀ ਫ਼ੋਟੋ ਰਖਣੀ ਗੁਰੂ ਕੀ ਮਤਿ ਨਹੀਂ ਹੈ। ਜੇ ਪ੍ਰਾਣੀ ਦੀ ਫ਼ੋਟੋ ਰਖਣੀ ਹੀ ਹੋਵੇ ਤਾਂ ਨਾਲ ਦੇ ਕਮਰੇ ਜਾਂ ਬਾਹਰ ਬਰਾਂਡੇ ਆਦਿ ਵਖਰੀ ਥਾਂ ਤੇ ਰਖੀ ਜਾਵੇ, ਮਹਾਰਾਜ ਦੇ ਸਾਹਮਣੇ ਬਿਲਕੁਲ ਨਹੀਂ ਹੋਣੀ ਚਾਹੀਦੀ। ਕਈ ਮ੍ਰਿਤੂ-ਸਮਾਗਮਾਂ ਵਿਚ ਵਡੱਪਣ ਦਸਣ ਲਈ ਪ੍ਰਾਣੀ ਦੀ ਉਸਤਤ ਵਿਚ ਸ਼ਰਧਾਂਜਲੀਆਂ ਦਿਤੀਆਂ ਜਾਂਦੀਆਂ ਹਨ, ਇਹ ਵੀ ਨਿਰੋਲ ਮਨਮਤਿ ਹੈ। ਪ੍ਰਾਣੀ ਦੀ ਕਲਿਆਣ ਲਈ ਗੁਰਬਾਣੀ ਰਾਹੀਂ ਜੋਦੜੀਆਂ ਕੀਤੀਆਂ ਜਾਂਦੀਆਂ ਹਨ ਅਤੇ ਅਸੀਸੜੀਆਂ ਦਿਤੀਆਂ ਜਾਂਦੀਆਂ ਹਨ। ਇਹੋ ਹੀ ਸਹੀ ਅਰਥਾਂ ਵਿਚ ਪ੍ਰਾਣੀ ਲਈ ਸ਼ਰਧਾਂਜਲੀਆਂ ਹਨ। ਨਹੀਂ ਤਾਂ ਮਨਮੁਖੀ ਦਾਜ-ਵਿਖਾਲੇ ਕਰਨ ਵਾਲਿਆਂ ਵਾਂਗ, ਵੱਖ ਵਖ ਮਨੁਖਾਂ ਵਲੋਂ ਪ੍ਰਾਣੀ ਦੀ ਉਸਤਤ ਕਰ ਕੇ ਸ਼ਰਧਾਂਜਲੀਆਂ ਦੇਣੀਆਂ ਨਿਰੋਲ ਮਨਮੁਖਾਂ ਵਾਲੇ ਕੰਮ ਹਨ, ਜਿਨ੍ਹਾਂ ਤੋਂ ਗੁਰਸਿਖਾਂ ਨੂੰ ਬਚਣ ਦੀ ਲੋੜ ਹੈ।

ਸੋ ਸਾਨੂੰ ਸਾਰਿਆਂ ਨੂੰ ਦੁਖਾਂ ਸੁਖਾਂ ਦੇ ਸਮੂਹ ਕਾਰਜਾਂ ਸਮੇਂ ਸਦਾ ਸਤਿਗੁਰੂ ਤੋਂ ਅਗਵਾਈ ਲੈਣੀ ਬਣਦੀ ਹੈ ਅਤੇ ਗੁਰੂ ਕੇ ਹੁਕਮਾਂ ਨੂੰ ਬਜਾਉਣਾ ਸਿਖ ਦਾ ਅਵਲ-ਤਰੀਨ ਫ਼ਰਜ਼ ਹੋਣਾ ਲਾਜ਼ਮੀ ਹੈ। ਗੁਰਬਾਣੀ ਸਾਨੂੰ ਹੁਕਮ ਦੇ ਰਹੀ ਹੈ–

ਸੋ ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰੂ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ ॥੧॥੬॥ (੬੦੧-੦੨)

( ੪ )

ਸੰਸਾਰ ਵਿਚ 'ਲਿਵ' ਅਤੇ 'ਧਾਤ' ਦੋ ਰਾਹ ਹਨ। 'ਲਿਵ' ਦਾ ਰਾਹ ਸਾਨੂੰ ਆਪਣੇ ਅਸਲੇ ਵਲ ਲਿਜਾਂਦਾ ਹੈ। ਇਸ ਨਾਲ ਮਨ ਨੂੰ ਸ਼ਾਂਤੀ ਤੇ ਪ੍ਰਸੰਨਤਾ ਮਿਲਦੀ ਹੈ। ਇਹ ਗੁਰਮਤਿ-ਗਾਡੀ-ਰਾਹ ਹੈ। ਸਤਿਗੁਰਾਂ ਨੇ ਇਸ ਰਾਹ ਤੇ ਆਪ ਚਲ ਕੇ, ਗੁਰਸਿਖਾਂ ਪ੍ਰਤੀ "ਗੁਰਿ ਚਾਲ ਦਿਖਾਈ ਹਰਿ ਚਾਲ" ਪੂਰਨੇ ਪਾਏ ਹਨ। ਗੁਰੂ ਕਿਆਂ ਨੂੰ ਗੁਰੂ ਕੀ ਚਾਲ ਅਪਣਾਅ ਕੇ ਲੋਕ ਪਰਲੋਕ ਵਿਚ ਸੁਰਖ਼ਰੂਈ ਪ੍ਰਾਪਤ ਕਰਨੀ ਹੀ ਸੋਭਦੀ ਹੈ।

"ਦੂਜਾ ਰਾਹ ਹੈ 'ਧਾਤ' ਵਾਲਾ। ਇਹ ਰਾਹ ਮਾਇਆ ਵਲ ਲਿਜਾਂਦਾ ਹੈ। ਇਸ ਤੇ ਚਲ ਕੇ ਤ੍ਰਿਸ਼ਨਾ ਅਤੇ ਭਟਕਣਾ ਹੀ ਪਲੇ ਪੈਂਦੀ ਹੈ। ਪੂਰਾਂ ਦੇ ਪੂਰ ਇਸ ਰਾਹ ਤੇ ਚਲ ਕੇ ਤ੍ਰਿਸ਼ਨਾ-ਡੈਣ ਦੇ ਫੰਧੇ ਵਿਚ ਫਸ ਕੇ ਆਪਣੀ ਤ੍ਰੁਟੀ ਚੌੜ ਕਰ ਬੈਠੇ ਹਨ ਅਤੇ ਅਨਗਿਣਤ ਮਨੁਖ ਇਸ ਜਾਲ ਵਿਚ ਫਸੇ ਕੁਰਲਾ ਰਹੇ ਹਨ।

ਇਹ ਹੁਣ ਅਸਾਂ ਸੋਚਣਾ ਹੈ ਕਿ ਦੋਹਾਂ ਰਾਹਾਂ ਵਿਚੋਂ ਕਿਹੜਾ ਰਾਹ ਆਪਣੇ ਲਈ ਚੁਣਨਾ ਹੈ। ਦੋ ਬੇੜੀਆਂ ਦੇ ਸਵਾਰ ਹੋਇਆਂ ਪਾਰ ਨਹੀਂ ਪੈ ਸਕੀਦਾ, ਵਿਚੇ ਡੁਬ ਜਾਈਦਾ ਹੈ। ਦੋ ਰਸਤਿਆਂ ਤੇ ਚਲਦਿਆਂ ਮਨਜ਼ਲੇ ਮਕਸੂਦ ਤੇ ਨਹੀਂ ਪਹੁੰਚਿਆ ਜਾ ਸਕਦਾ। ਤਾਂ ਤੇ ਆਓ, ਗੁਰਮਤਿ-ਗਾਡੀ-ਰਾਹ ਤੇ ਚਲ ਕੇ ਲੋਕ ਪਰਲੋਕ ਸ਼ਫਲਾ ਕਰੀਏ।

www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

"ਗੁਰਮਤਿ ਰਹਿਤ-ਰਹਿਣੀ ਦੇ ਸੂਰੇ, ਬਚਨਾਂ ਦੇ ਪੂਰੇ ਤੇ ਗੁਰਮਤਿ-ਗਾਡੀ-ਰਾਹ ਦੇ ਅਥੱਕ ਪਾਂਧੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਿਖ-ਜਗਤ ਵਿਚ ਵੀਹਵੀਂ ਸਦੀ ਦੀ ਇਕ ਅਨੂਪਮ ਸ਼ਖ਼ਸੀਅਤ ਸਨ। ਇਨ੍ਹਾਂ ਦੀ ਦਿੱਬ-ਸੂਰਤ ਤੇ ਇਲਾਹੀ ਮੂਰਤ ਸਤਸੰਗੀਆਂ ਦੇ ਹਿਰਦੇ ਵਿਚ ਇਕ ਝਰਨਾਟ ਛੇੜ ਦਿੰਦੀ ਸੀ। ਇਹ ਪਿਆਰ ਦਾ ਕੀਰਤਨੀ ਸੋਮਾ, ਜਦੋਂ ਫੁਟਦਾ ਤਾਂ ਅਨੇਕਾਂ ਹੀ ਪ੍ਰਾਣੀ ਇਸ ਦੇ ਸੀਤਲ ਜਲ ਵਿਚ ਇਸ਼ਨਾਨ ਕਰਦੇ, ਰੰਗੇ ਜਾਂਦੇ–ਉਸ ਅਕਾਲ ਪੁਰਖ ਦੇ ਪ੍ਰੇਮ ਵਿਚ, ਧੋਤੇ ਜਾਂਦੇ, ਲਿਸ਼ਕਦੇ ਅਤੇ ਇੰਜ ਉਜਲ ਹੋ ਕੇ ਆਪੂੰ ਨਾਮ ਜਪਦੇ ਤੇ ਹੋਰਨਾਂ ਨੂੰ ਜਪਾਂਦੇ। ਆਪ ਜੀ ਦਾ ਸਾਰਾ ਜੀਵਨ ਸਿਖੀ ਸਿਦਕ, ਪ੍ਰੇਮ ਰੰਗਾਂ, ਵੈਰਾਗ ਤਰੰਗਾਂ ਤੇ ਤੱਤ ਗੁਰਮਤਿ ਦੇ ਅਸੂਲਾਂ ਦੀ ਦ੍ਰਿੜ੍ਹਤਾ ਨੂੰ ਪ੍ਰਗਟਾਉਣ ਵਾਲੇ ਅਨੇਕਾਂ ਕਰਤੱਵਾਂ ਨਾਲ ਭਰਿਆ ਪਿਆ ਹੈ। ਜਿਥੇ ਆਪ ਉਚ-ਆਤਮਕ ਅਵਸਥਾ ਦੇ ਮਾਲਕ ਸਨ, ਉਥੇ ਆਪ ੧੯੧੪-੧੫ ਦੇ ਮੋਢੀ ਦੇਸ਼-ਭਗਤਾਂ ਵਿਚ ਇਕ ਖ਼ਾਸ ਪਦਵੀ ਰਖਦੇ ਸਨ।"

['ਭਾ: ਸਾ: ਰਣਧੀਰ ਸਿੰਘ ਜੀਵਨ ਤੇ ਸਾਹਿਤ' ਵਲੋਂ ਦਿਲੀ ਸਿ: ਗੁ: ਪ੍ਰ: ਕਮੇਟੀ

"ਭਾਈ ਸਾਹਿਬ ਰਣਧੀਰ ਸਿੰਘ ਜੀ ਬਹੁ-ਪੱਖੀ ਜੀਵਨ ਦੇ ਮਾਲਕ ਹੋਏ ਹਨ। ਉਹ ਸੱਚੇ ਸੁਚੇ, ਤਿਆਰ-ਬਰ-ਤਿਆਰ, ਸੰਤ ਸਿਪਾਹੀ ਮਨੁਖ ਸਨ। ਨਾਮ ਬਾਣੀ ਤੇ ਸਿਮਰਨ ਅਭਿਆਸ ਦੇ ਕਾਰਨ ਉਨ੍ਹਾਂ ਦਾ ਜੀਵਨ ਬੜਾ ਪ੍ਰਭਾਵਸ਼ਾਲੀ ਸੀ। ਜੋ ਵਿਅਕਤੀ ਵੀ ਉਹਨਾਂ ਦੇ ਸੰਪਰਕ ਵਿਚ ਆਏ ਉਹਨਾਂ ਤੋਂ ਪ੍ਰਭਾਵਤ ਹੋਏ ਬਗ਼ੈਰ ਨਾ ਰਹਿ ਸਕੇ। ਆਪ ਸਾਰੀ ਉਮਰ ਕੀਰਤਨ ਦਾ ਸੁਆਦ ਮਾਣਦੇ ਰਹੇ ਤੇ ਹੋਰਨਾਂ ਤਕ ਵੀ ਇਸ ਰਸ ਨੂੰ ਪਹੁੰਚਾਣ ਦਾ ਸਫਲ ਯਤਨ ਕਰਦੇ ਰਹੇ।"

[ਅਜੀਤ, ੧-੭-੧੯੮੬

## ਬਚਪਨ, ਪੜ੍ਹਾਈ, ਸਿਖੀ ਸਿਦਕ ਤੇ ਵਿਡਾਣੀ ਚਾਕਰੀ–

ਸ: ਨੱਥਾ ਸਿੰਘ ਜੀ ਨਾਭਾ ਹਾਈ ਕੋਰਟ ਜੱਜ ਦੇ ਗ੍ਰਿਹ ਨਰੰਗਵਾਲ ਵਿਖੇ ਮਾਤਾ ਪੰਜਾਬ ਕੌਰ ਦੀ ਕੁਖੋਂ ਭਾਈ ਰਣਧੀਰ ਸਿੰਘ ਜੀ ਨੇ ੭ ਜੁਲਾਈ ੧੮੭੮ ਨੂੰ ਜਨਮ ਲਿਆ। ਮੁਢਲੀ ਵਿਦਿਆ ਆਪ ਨੇ ਪਿਤਾ ਜੀ ਪਾਸ ਨਾਭੇ ਰਹਿੰਦਿਆਂ ਪ੍ਰਾਪਤ ਕੀਤੀ ਅਤੇ ਫਿਰ ਆਪ ਜੀ ਨੇ ਮਿਸ਼ਨ ਕਾਲਜ ਲਾਹੌਰ ਤੋਂ ੧੯੦੦ ਈ: ਵਿਚ ਬੀ. ਏ. ਪਾਸ ਕੀਤੀ। ਕਾਲਜ ਦੀ ਪੜ੍ਹਾਈ ਸਮੇਂ ਕੁਸੰਗ ਅਤੇ ਅਨੇਕ-ਮਤ-ਮਤਾਂਤਰਾਂ ਦੀਆਂ ਬਹਿਸਾਂ-ਮੁਬਹਿਸਾਂ ਦਾ ਜ਼ੋਰ ਸੀ। ਦੂਜੇ ਮਜ਼ਹਬਾਂ ਤੇ ਕੁਸੰਗ ਦੇ ਪ੍ਰਭਾਵ ਤੋਂ ਬਚਣ ਲਈ, ਬੀ. ਏ. ਪ੍ਰੀਖਿਆ ਤੋਂ ਪਹਿਲਾਂ ਪਿਤਾ ਜੀ ਨੇ ਇਕ ਗੁਟਕਾ ਭੇਜ ਕੇ ਲਿਖ ਭੇਜਿਆ ਕਿ ਜੇ ਤੂੰ ਕਾਮਯਾਬ ਹੋਣਾ ਹੈ ਤਾਂ ਨਿਤ ਸਵੇਰੇ ਜਪੁਜੀ ਅਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਿਆ ਕਰ। ਇਸ ਗੁਰਬਾਣੀ-ਪਾਠ ਦਾ ਸਦਕਾ ਪੂਰਬਲੇ ਅੰਕੂਰ ਜਾਗ ਪਏ ਅਤੇ ਪ੍ਰਭੂ-ਮਿਲਾਪ ਦੀਆਂ ਸਿਕਾਂ ਪ੍ਰਬਲ ਹੋ ਉਠੀਆਂ। ਦਿਨੇ-ਰਾਤ ਗੁਰਬਾਣੀ ਰਟਨ ਕਰਦੇ ਰਹਿੰਦੇ। ਅੰਦਰੋਂ ਐਸੇ ਪ੍ਰੇਮ-ਉਛਾਲੇ ਉਠਦੇ ਕਿ ਹੋਰ ਸਭ ਕਾਰਾਂ ਬੇਕਾਰ ਜਾਪਣ ਲਗ ਪਈਆਂ।

ਪਿਤਾ ਦੇ ਸਮਝਾਣ ਬੁਝਾਣ ਤੇ ਮਨੁਖ ਮਾਤਰ ਦੀ ਸੇਵਾ ਦੇ ਪ੍ਰਭਾਵ ਹੇਠ ਆਪ ਨੇ ਨੌਕਰੀ ਕਰਨੀ ਪਰਵਾਨ ਕੀਤੀ। ੧੯੦੨ ਵਿਚ ਪੰਜਾਬ ਵਿਚ ਪਲੇਗ ਫੈਲੀ ਤਾਂ ਇਸ ਮਾਰੂ ਬੀਮਾਰੀ ਤੋਂ ਬਚਾਣ ਲਈ ਵਲੈਤ ਤੋਂ ਡਾਕਟਰ ਆਏ। ਭਾਈ ਸਾਹਿਬ ਰਣਧੀਰ ਸਿੰਘ ਜੀ ਨਾਇਬ ਤਸੀਲਦਾਰ ਦੇ ਤੌਰ ਤੇ ਡਾ: ਫ਼ਿਸ਼ਰ ਦੇ ਅਸਿਸਟੈਂਟ ਲਗ ਕੇ ਲੁਕਾਈ ਦੀ ਸੇਵਾ ਲਈ ਤਤਪਰ ਹੋ ਗਏ। ਇਸੇ ਸਮੇਂ ਵਿਚ ਵਿਚਾਰ ਵਟਾਂਦਰਾ ਕਰਦਿਆਂ ਆਪ ਨੇ ਡਾਕਟਰ ਸਾਹਿਬ ਨੂੰ ਨਿਸਚੇ ਕਰਾਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ-ਪ੍ਰਤਿਸ਼ਟਾ ਕਰਨੀ ਬੁੱਤ-ਪੂਜਾ ਨਹੀਂ, ਸਗੋਂ ਇਹ ਅਕਾਲ ਪੁਰਖ ਦੀ ਪੂਜਾ ਹੈ। ਇਹ ਵਿਚਾਰ ਤੇ ਗੋਸ਼ਟੀ ਬਾਅਦ ਵਿਚ ਪੁਸਤਕ ਰੂਪ ਵਿਚ ਛਾਪ ਦਿਤੀ ਗਈ। ਇਸ ਨੌਕਰੀ ਸਮੇਂ ਆਪ ਜੀ ਤਸੀਲਦਾਰ ਬਣਾਏ ਜਾਣ ਵਾਲੇ ਸਨ ਕਿ ਆਪ ਜੀ ਇਥੋਂ ਉਪਰਾਮ ਹੋ ਗਏ, ਕਿਉਂਕਿ ਸਾਰੀ ਸਰਕਾਰੀ ਮਸ਼ੀਨਰੀ ਵਿਚ ਕਿਤੇ ਸੇਵਾਦਾਰ ਨਜ਼ਰ ਨਹੀਂ ਆਉਂਦਾ ਸੀ, ਸਗੋਂ ਸਭ ਪਾਸੇ ਲੁਟ-ਘਸੁੱਟ ਤੇ ਭ੍ਰਿਸ਼ਟਾਚਾਰ ਦਾ ਬਜ਼ਾਰ ਗਰਮ ਸੀ। ਇਸ ਮਾਹੋਲ ਤੋਂ ਦੁਖੀ ਹੋ ਕੇ ਆਪ ਨੇ ਨੌਕਰੀ ਨੂੰ ਲੱਤ ਮਾਰ ਦਿਤੀ।



www.AKJ.Org

ਆਪ ਦੇ ਅੰਦਰ ਗੁਰਬਾਣੀ-ਪਿਆਰ ਤੇ ਗੁਰਸਿਖੀ ਸਿਦਕ ਬੜੇ ਸਮੇਂ ਤੋਂ ਠਾਠਾਂ ਮਾਰ ਰਿਹਾ ਸੀ। ਅੰਤ ੧੪ ਜੂਨ ੧੯੦੩ ਨੂੰ ਪਿੰਡ ਬੱਕਾਪੁਰ ਵਿਖੇ ਉਚੇਚੇ ਪੰਥਕ ਦੀਵਾਨ ਵਿਚ ਅੰਮ੍ਰਿਤ ਪਾਨ ਕਰ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਆਪ ਦੀ ਕਾਇਆਂ ਤਾਂ ਪਲਟ ਗਈ, ਪਰ ਕੁਝ ਵਿਘਨ ਪੈ ਜਾਣ ਕਰਕੇ ਨਾਮ-ਅਭਿਆਸ ਦਾ ਤੋਰਾ ਨਾ ਤੁਰ ਸਕਿਆ। ਗੁਰਬਾਣੀ ਦਾ ਰਟਨ ਤੇ ਕੀਰਤਨ ਦੇ ਸਤਸੰਗ ਆਪ ਦਾ ਜੀਵਨ-ਅਧਾਰ ਬਣ ਗਿਆ, ਪਰ ਪ੍ਰੇਮ-ਬੈਰਾਗ ਦੇ ਨਾਲ ਨਾਲ ਆਪ ਦੇ ਅੰਦਰ ਨਾਮ ਦੀ ਸਿਕ ਦਿਨੋ ਦਿਨ ਵਧਦੀ ਗਈ।

ਸਤਸੰਗ-ਮੰਡਲਾਂ ਵਿਚ ਰੰਗ-ਰਸ-ਮਾਣਦਿਆਂ ਨੂੰ ਸੰਗਤ ਨੇ ਹੁਕਮ ਦੇ ਕੇ ਫਿਰ ਐਬਟਾਬਾਦ ਵਿਚ ਐਸ. ਡੀ. ਓ. ਦੇ ਦਫਤਰ ਵਿਚ ਹੈਡ ਕਲਰਕੀ ਕਰਨ ਲਈ ਮਜਬੂਰ ਕਰ ਦਿਤਾ। ਐਬਟਾਬਾਦ ਦੇ ਕੁਦਰਤੀ ਨਜ਼ਾਰਿਆਂ ਦੀ ਸੁੰਦਰਤਾ ਤੇ ਮਿਠੀਆਂ ਠੰਢੀਆਂ ਪੌਣਾਂ ਨੇ ਆਪ ਦੀ ਸੁਰਤੀ-ਬਿਰਤੀ ਨੂੰ ਐਸੇ ਪ੍ਰੇਮ ਦੇ ਚਾਬਕ ਮਾਰੇ ਕਿ ਆਪ ਬਿਹਬਲ ਤੇ ਬੇਹੋਸ਼ ਹੋ ਹੋ ਜਾਵਣ। ਇਸ ਰੰਗ-ਰਤੜੀ ਦਸ਼ਾ ਵਿਚ ਇਕ ਦਿਨ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਬਖਸ਼ਸ਼ ਕੀਤੀ ਅਤੇ ਆਪ ਦੇ ਅੰਦਰ ਨਾਮ ਦਾ ਸਾਸ ਗ੍ਰਾਸ ਆਪ-ਮੁਹਾਰਾ ਤੋਰਾ ਤੁਰ ਪਿਆ। ਇਸ ਰਸ-ਲੀਣੀ ਦਸ਼ਾ ਵਿਚ ਆਪ ਨੂੰ ਅਕਾਲੀ ਜੋਤਿ ਦੇ ਦਰਸ਼ਨ ਹੋਏ। ਇਸ ਮਸਤਾਨੀ ਹਾਲਤ ਵਿਚ ਵਿਚਰਦਿਆਂ ਦੋ ਵਾਰੀ ਆਪ ਜੀ ਨੇ ਇਕੋ ਚੌਕੜੇ ਵਿਚ ਬੈਠਕੇ ਸੰਪੂਰਨ ਸ੍ਰੀ ਅਖੰਡਪਾਠ ਸ੍ਰਵਣ ਕੀਤੇ। ਦਸਮੇਸ਼ ਜੀ ਨੇ ਦਰਸ਼ਨ ਬਖਸ਼ੇ ਅਤੇ ਨੌਕਰੀ ਛਡ ਦੇਣ ਦੀ ਗੁਪਤ ਪ੍ਰੇਰਨਾ ਹੋਈ। ਐਬਟਾਬਾਦ ਤੋਂ ਵਾਪਸੀ ਤੇ ਰਾਹ ਵਿਚ ਹਰੀ ਪੁਰ ਹਜ਼ਾਰੇ ਵਿਚ ਮਸਤਾਨੀ ਦਸ਼ਾ ਵਿਚ ਵਿਚਰਦੀ ਇਕ ਸੰਤ-ਭਗਤ ਮਾਈ ਗੁਲਾਬ ਕੌਰ ਦੇ ਅਚਰਜ ਦਰਸ-ਮਿਲਾਪ ਹੋਏ। ਆਪ ਜੀ ਮੁੜ ਸਤਸੰਗੀਆਂ ਵਿਚ ਆ ਜੁੜੇ ਅਤੇ ਕੀਰਤਨ ਤੇ ਅਖੰਡਪਾਠਾਂ ਦੇ ਰੰਗ ਮਾਣਨ ਲਗੇ।

੧੯੦੫ ਵਿਚ ਸ: ਹਰਬੰਸ ਸਿੰਘ ਜੀ ਅਟਾਰੀ ਨੇ ਪ੍ਰੇਰਨਾ ਕੀਤੀ ਕਿ ਸਿਖ ਬੱਚਿਆਂ ਦੀ ਸਾਰ-ਸੰਭਾਲ ਕਰਨੀ ਮਹਾਨ ਸੇਵਾ ਹੈ ਅਤੇ ਆਪ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਹੋਸਟਲ ਸੁਪ੍ਰੰਟੈਂਡੈਂਟ ਲਗਵਾ ਦਿਤਾ। ਇਥੇ ਵੀ ਅਨੋਖੇ ਹੀ ਕੌਤਕ ਵਰਤੇ। ਪਰ ਛੇਤੀ ਹੀ ਆਪ ਉਥੋਂ ਵੀ ਉਚਾਟ ਹੋ ਗਏ ਅਤੇ ਮੁੜ ਸਤਸੰਗ ਤੇ ਕੀਰਤਨ-ਮੰਡਲਾਂ ਵਿਚ ਆ ਜੁੜੇ।

**ਪੰਥਕ ਨਿਸ਼ਕਾਮ ਸੇਵਾ ਵਿਚ–**

੧੯੦੮ ਵਿਚ ਸ੍ਰੀ ਦਮਦਮਾ ਸਾਹਿਬ ਵਿਚ ਖਾਲਸਾ ਦੀਵਾਨ ਦੀ ਨੀਂਹ ਰਖੀ ਅਤੇ ੧੯੦੯ ਵਿਚ ਬਾਬੂ ਤੇਜਾ ਸਿੰਘ ਭਸੌੜ ਦੀ ਪ੍ਰੇਰਨਾ ਨਾਲ ਪੰਚ ਖਾਲਸਾ ਦੀਵਾਨ ਕਾਇਮ ਕੀਤਾ। ਭਸੌੜ ਵਿਚ ਹੀ ਕਿਸੇ ਸਮਾਗਮ ਸਮੇਂ ਮਾਨਵਰ ਬਾਊ ਮੱਲ ਸਿੰਘ ਜੀ ਨਾਲ ਆਪ ਦੀ ਪਹਿਲੀ ਪਿਆਰ-ਮਿਲਣੀ ਹੋਈ, ਜੋ ਉਮਰਾਂ ਪ੍ਰਯੰਤ ਤੋੜ ਨਿਭੀ। ਭਸੌੜ ਤੋਂ ਗੁਰਮਤੀ ਮਤ-ਭੇਦ ਹੋ ਜਾਣ ਕਰਕੇ ਆਪ ਜੀ ਉਥੋਂ ਉਪਰਾਮ ਹੋ ਗਏ ਅਤੇ ਫਿਰ ੧੯੦੮ ਤੋਂ ੧੯੧੪ ਤਕ ਖਾਲਸਾ ਭੁਜੰਗੀ ਸਭਾ ਲੁਧਿਆਣਾ ਦੇ ਸਤਸੰਗ ਸਮਾਗਮਾਂ ਵਿਚ ਵਿਚਰਦੇ ਤੇ ਅਨੰਦ ਮਾਣਦੇ ਰਹੇ।

**ਗੁਰਦੁਆਰਾ ਸੁਧਾਰ ਤੇ ਗ਼ਦਰ ਲਹਿਰ–**

ਭਾਈ ਸਾਹਿਬ ਇਤਿਹਾਸਕ ਗੁਰਦੁਆਰਿਆਂ ਵਿਚ ਮਹੰਤ ਪੁਜਾਰੀਆਂ ਨੂੰ ਕੁਰੀਤੀਆਂ ਤੋਂ ਹੋੜਨ ਲਈ ਚੰਗਾ ਖੂੰਡਾ ਖੜਕਾਂਦੇ ਰਹੇ। ੧੯੧੪ ਦੇ ਸ਼ਹੀਦੀ ਜੋੜ-ਮੇਲੇ ਸਮੇਂ ਚਮਕੌਰ ਸਾਹਿਬ ਦੇ ਪੁਜਾਰੀ ਨਿਹੰਗਾਂ ਨੂੰ ਆਪ ਨੇ ਚੰਗੀ ਤਰ੍ਹਾਂ ਸੋਧਿਆ। ਪੁਲਸ ਅਫਸਰ, ਗੋਰੇ ਕਪਤਾਨ ਤੇ ਸਮਾਜੀ ਮੈਜਿਸਟ੍ਰੇਟ ਦੀ ਚੰਗੀ ਨਿਸ਼ਾ ਕਰਾਈ। ਇਸ ਤਰ੍ਹਾਂ ਗੁਰਦੁਆਰਾ ਸਾਹਿਬ ਦਾ ਪਰਬੰਧ ਉਨ੍ਹਾਂ ਤੋਂ ਛੁਡਾ ਕੇ ਪੰਥ ਦੇ ਹਵਾਲੇ ਕੀਤਾ। ਗੁਰਦੁਆਰਾ ਸੁਧਾਰ ਲਹਿਰ ਦੀ ਇਹ ਪਹਿਲੀ ਜਿਤ ਸੀ। ੧੯੧੪ ਵਿਚ ਗੁ: ਰਕਾਬ ਗੰਜ ਸਾਹਿਬ ਦੀ ਕੰਧ ਦਾ ਝਗੜਾ ਹੋਇਆ, ਜਿਸ ਲਈ ਭਾਈ ਸਾਹਿਬ ਸ਼ਹੀਦੀ ਜਥਾ ਲੈ ਜਾਣ ਲਈ ਤਿਆਰ ਹੋਏ। ਸਰਕਾਰ ਝੁਕ ਗਈ ਅਤੇ ਕੰਧ ਮੁੜ ਉਸਾਰ ਦਿਤੀ ਗਈ।

ਅਮਰੀਕਾ ਤੇ ਕੈਨੇਡਾ ਵਿਚ ਗ਼ਦਰ ਲਹਿਰ ਸ਼ੁਰੂ ਹੋਈ ਤਾਂ ਬਹੁਤ ਸਾਰੇ ਗ਼ਦਰੀ ਭਾਰਤ ਪੁਜ ਗਏ। ਓਦੋਂ ਹੀ ਕਾਮਾਗਾਟਾ ਦੀ ਮਾਰੂ ਘਟਨਾ ਸਮੇਂ ਕਲਕਤਾ ਬਜਬਜ ਘਾਟ ਤੇ ਭਾਰਤੀ ਮੁਸਾਫਰਾਂ ਤੇ ਗੋਲੀ ਚਲੀ। ਇਨ੍ਹਾਂ ਜ਼ੁਲਮੀ ਕਾਰਿਆਂ ਤੋਂ ਪ੍ਰਭਾਵਤ ਹੋ ਕੇ ਭਾਈ ਸਾਹਿਬ ਵੀ ਗ਼ਦਰ ਲਹਿਰ ਵਿਚ ਸ਼ਾਮਲ ਹੋ ਗਏ। ੧੯ ਫ਼ਰਵਰੀ ੧੯੧੫



www.AKJ.Org

ਦਾ ਦਿਨ ਗ਼ਦਰ ਕਰਨ ਲਈ ਮਿਥਿਆ ਗਿਆ। ਭਾਈ ਸਾਹਿਬ ਵੀ ਆਪਣੇ ਜਥੇ ਸਮੇਤ ਮਿਥੇ ਪ੍ਰੋਗਰਾਮ ਅਨੁਸਾਰ ਫੀਰੋਜ਼ਪੁਰ ਛਾਉਣੀ ਵਿਚ ਗ਼ਦਰ ਕਰਾਉਣ ਤੇ ਕਿਲ੍ਹੇ ਤੇ ਕਬਜ਼ਾ ਕਰਨ ਲਈ ਪੁਜ ਗਏ। ਪਰ ਇਕ ਮੁਖਬਰ ਕਿਰਪਾਲ ਸਿੰਘ ਦੇ ਭੇਦ ਖੋਲ੍ਹਣ ਕਰਕੇ ਸਾਰੀ ਸਕੀਮ ਫ਼ੇਲ੍ਹ ਹੋ ਗਈ ਅਤੇ ਦੇਸ਼-ਭਗਤਾਂ ਦੀ ਫੜੋ-ਫੜੀ ਸ਼ੁਰੂ ਹੋ ਗਈ।

**ਗ੍ਰਿਫ਼ਤਾਰੀ, ਉਮਰ-ਕੈਦ ਤੇ ਤਸੀਹੇ–**

੯ ਮਈ ੧੯੧੫ ਨੂੰ ਭਾਈ ਸਾਹਿਬ ਨਾਭੇ ਵਿਚ ਨਜ਼ਰਬੰਦ ਕਰਾ ਕੇ ੧੭ ਜੂਨ ਨੂੰ ਲੁਧਿਆਣੇ ਲਿਆਂਦੇ ਗਏ। ੩੦ ਮਾਰਚ ੧੯੧੬ ਨੂੰ ਦੂਜੇ ਸਾਜਸ਼ ਕੇਸ ਲਾਹੌਰ ਅਨੁਸਾਰ ਆਪ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਆਪ ਸਰਬ-ਲੋਹ ਦੇ ਧਾਰਨੀ ਸਨ ਅਤੇ ਬਿਬੇਕ-ਰਹਿਣੀ ਦੇ ਕਾਰਨ ਲੰਗਰ ਪਾਣੀ ਸੋਧ ਦਾ ਛਕਦੇ ਸਨ। ਇਸੇ ਕਰਕੇ ਜੇਲ੍ਹ-ਯਾਤਰਾ ਵਿਚ ਆਪ ਨੂੰ ਬਹੁਤ ਵਡੀਆਂ ਭੁਖ-ਹੜਤਾਲਾਂ ਨਾਲ ਘੋਲ ਕਰਨਾ ਪਿਆ। ਲੁਧਿਆਣਾ ਜੇਲ੍ਹ ਵਿਚ ਹੀ ਪਹਿਲਾਂ ਕਈ ਦਿਨ ਕੜਾਕੇ ਰਹੇ। ਫਿਰ ਲਾਹੌਰ ਜੇਲ੍ਹ ਵਿਚ ੧੫ ਦਿਨਾਂ ਪਿਛੋਂ ਕੇਵਲ ਫਲ ਛਕਣ ਲਈ ਮਿਲੇ।

੪ ਅਪ੍ਰੈਲ ੧੯੧੬ ਨੂੰ ਆਪ ਸਾਥੀਆਂ ਸਮੇਤ ਮੁਲਤਾਨ ਜੇਲ੍ਹ ਵਿਚ ਭੇਜੇ ਗਏ। ਇਥੋਂ ਤਸੀਹਿਆਂ ਦੀ ਦਰਦ-ਨਾਕ ਵਿਥਿਆ ਅਰੰਭ ਹੁੰਦੀ ਹੈ। ਮੁਲਤਾਨ ਦੀ ਭੱਠ-ਤਪਦੀ ਗਰਮੀ, ੪੦ ਦਿਨ ਨਾ ਅੰਨ ਨਾ ਜਲ, ਟਾਟ-ਵਰਦੀ, ਧੁੱਪੇ ਖੜੇ ਰਖਣ ਦੀ ਸਜ਼ਾ, ਖੜੇ ਡੰਡਾ-ਬੇੜੀਆਂ ਅਤੇ ਕਈ ਤਰ੍ਹਾਂ ਦੇ ਜ਼ੁਲਮ ਤੇ ਧਰਮ-ਧੱਕੇ ਕੀਤੇ ਗਏ। ਇਨ੍ਹਾਂ ਭਿਆਨਕ ਦੁਖੜਿਆਂ ਦੀਆਂ ਖਬਰਾਂ ਅਖਬਾਰਾਂ ਵਿਚ ਛਪਦੀਆਂ ਰਹੀਆਂ। ਇਥੋਂ ਜੁਲਾਈ ੧੯੧੭ ਵਿਚ ਹਜ਼ਾਰੀ ਬਾਗ ਜੇਲ੍ਹ ਵਿਚ ਭੇਜਿਆ ਗਿਆ। ਇਥੇ ਵੀ ਕਈ ਵੇਰ ਭੁਖ-ਹੜਤਾਲਾਂ ਤੇ ਰਹਿਣਾ ਪਿਆ ਅਤੇ ਕਈ ਟੰਟੇ ਪੇਸ਼ ਆਉਂਦੇ ਰਹੇ। ਅਕਤੂਬਰ ੧੯੨੧ ਵਿਚ ਆਪ ਨੂੰ ਰਾਜਮੰਦਰੀ ਜੇਲ੍ਹ ਵਿਚ ਭੇਜ ਦਿਤਾ ਗਿਆ, ਜਿਥੇ ਸਵਾ ਕੁ ਸਾਲ ਸੁਖ ਸਾਂਦ ਨਾਲ ਬਿਤਾਇਆ। ਇਸ ਸਮੇਂ ਵਿਚ 'ਗੁਰਮਤਿ ਬਿਬੇਕ' ਪੁਸਤਕ ਦਾ ਖਰੜਾ ਇਥੇ ਹੀ ਤਿਆਰ ਕੀਤਾ। ਇਥੋਂ ਹੀ ਬਹੁਤ ਸਾਰੀਆਂ ਚਿਠੀਆਂ ਵਿਚ ਬੀਤੇ ਸਮਾਚਾਰ ਲਿਖ ਲਿਖ ਕੇ ਗਿ: ਨਾਹਰ ਸਿੰਘ ਜੀ ਨੂੰ ਭੇਜਦੇ ਰਹੇ। ਪਹਿਲੀ ਦਸੰਬਰ ੧੯੨੨ ਨੂੰ ਆਪ ਜੀ ਨਾਗਪੁਰ ਜੇਲ੍ਹ ਵਿਚ ਭੇਜੇ ਗਏ। ਇਸ ਜੇਲ੍ਹ ਵਿਚ ਜੋ ਜੋ ਜ਼ੁਲਮ ਢਾਹੇ ਗਏ ਅਤੇ ਧਰਮ-ਧੱਕੇ ਕੀਤੇ ਗਏ ਉਹ ਲਿਖਦਿਆਂ ਕੰਬਣੀ ਛਿੜਦੀ ਹੈ। ਇਨ੍ਹਾਂ ਦੁਖੜਿਆਂ ਦੀਆਂ ਖ਼ਬਰਾਂ ਸੁਣ ਕੇ ਪੰਥ ਵਿਚ ਹਾਹਾਕਾਰ ਮਚ ਗਈ ਅਤੇ ਪੰਥ ਵਲੋਂ ੧ ਫ਼ਰਵਰੀ ੧੯੨੩ ਨੂੰ 'ਅਰਦਾਸ ਦਿਵਸ' ਨੀਯਤ ਕੀਤਾ ਗਿਆ। ੧੯੩੦ ਵਿਚ ਇੰਗਲੈਂਡ ਤੋਂ ਆਏ ਇਕ ਵਡੇ ਪਾਦਰੀ ਨੇ ਭਾਈ ਸਾਹਿਬ ਦੇ ਕਸ਼ਟਾਂ ਨੂੰ ਵੇਖਿਆ ਪਰਖਿਆ ਤੇ ਭੈ-ਭੀਤ ਹੋ ਗਿਆ। ਇਸ ਨੇਕ-ਨਿਹਾਦ ਪਾਦਰੀ ਨੇ ਗਵਰਨਰ ਪਾਸ ਜਾ ਕੇ ਕਈ ਸਿਫ਼ਾਰਸ਼ਾਂ ਕੀਤੀਆਂ।

ਸਾਢੇ ਸਤ ਸਾਲ ਨਾਗਪੁਰ ਜੇਲ੍ਹ ਵਿਚ ਬੇਅੰਤ ਤਸੀਹੇ ਸਹਿਣ ਪਿਛੋਂ ੧੫ ਮਈ ੧੯੩੦ ਨੂੰ ਵਾਪਸ ਲਾਹੌਰ ਲਿਆਂਦੇ ਗਏ ਅਤੇ ੪ ਅਕਤੂਬਰ ੧੯੩੦ ਨੂੰ ਰਿਹਾ ਕਰ ਦਿਤੇ ਗਏ। ਰਿਹਾਈ ਵਾਲੇ ਦਿਨ ਆਪ ਦੀ ਮੁਲਾਕਾਤ ਸ਼ਹੀਦ ਭਗਤ ਸਿੰਘ ਨਾਲ ਕਰਾਈ ਗਈ। ਇਸ ਇਕੋ ਮਿਲਣੀ ਨੇ ਰੱਬ ਤੋਂ ਮੁਨਕਰ ਭਗਤ ਸਿੰਘ ਨੂੰ ਆਸਤਕ ਬਣਾ ਦਿਤਾ ਅਤੇ ਅੰਤ ਉਹ ਕੇਸਾਂ ਵਾਲੇ ਸਰੂਪ ਵਿਚ ਫਾਂਸੀ ਲਗਾ।

**ਜੇਲ੍ਹ-ਯਾਤਰਾ ਪਿਛੋਂ–**

੧੬ ਸਾਲ ਦੀ ਲੰਮੀ ਜੇਲ੍ਹ-ਯਾਤਰਾ ਪਿਛੋਂ ਆਪ ਜੀ ਨਾਰੰਗਵਾਲ ਪੁਜੇ ਤਾਂ ਉਸ ਵੇਲੇ ਚਿਰੀ ਵਿਛੰਨਿਆਂ ਦੇ ਮਿਲਾਪ ਵਿਚ ਪਰਵਾਰ, ਨਿਕਟਵਰਤੀ ਸਨੇਹੀਆਂ ਅਤੇ ਨਗਰ-ਵਾਸੀਆਂ ਨੇ ਛਲਕਦੇ ਨੈਣਾਂ ਨਾਲ ਕੀਰਤਨ-ਰੰਗਾਂ ਵਿਚ ਖੁਸ਼ੀਆਂ ਪ੍ਰਗਟਾਈਆਂ। ਕੀਰਤਨ-ਮੰਡਲਾਂ ਦੇ ਅਖਾੜੇ ਨਵੇਂ ਸਿਰਿਉਂ ਸਜਣੇ ਅਰੰਭ ਹੋ ਗਏ, ਦਰਸ਼ਨ-ਮੇਲੀਆਂ ਦੇ ਤਾਂਤੇ ਬਝੇ ਰਹੇ ਅਤੇ ਵੈਰਾਗ-ਧੁਨੀਆਂ ਗੂੰਜਦੀਆਂ ਰਹੀਆਂ। ਰਿਹਾਈ ਪਿਛੋਂ ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਕੇਸਗੜ੍ਹ ਸਾਹਿਬ ਤੋਂ ਗੁਰੂ ਕੀਆਂ ਖੁਸ਼ੀਆਂ, ਹੁਕਮਨਾਮੇ, ਸਿਰੋਪਾ ਤੇ ਮਾਨ ਪਤਰ ਬਖ਼ਸ਼ਸ਼ ਹੋਏ। ਹੋਰ ਵੀ ਅਨੇਕਾਂ ਥਾਵਾਂ ਤੋਂ ਆਪ ਨੂੰ ਸਿਰੋਪਾਓ ਤੇ ਮਾਨ ਪਤਰਾਂ ਨਾਲ ਨਿਵਾਜਿਆ ਗਿਆ।

੧੯੩੦ ਤੋਂ ੧੯੬੧ ਤਕ ਭਾਈ ਸਾਹਿਬ ਜੀ ਦੀ ਬਾਕੀ ਆਯੂ ਅਖੰਡਪਾਠਾਂ ਤੇ ਕੀਰਤਨ-ਅਖਾੜਿਆਂ



www.AKJ.Org

ਵਿਚ ਹੀ ਬੀਤੀ। ਗਰਮੀਆਂ ਵਿਚ ਆਪ ਕਸ਼ਮੀਰ ਜਾਂ ਕੁਮਾਰਹੱਟੀ (ਸ਼ਿਮਲਾ ਹਿਲਜ਼) ਪੁਜ ਕੇ ਨਾਮ-ਅਭਿਆਸ ਦੇ ਅਨੂਠੇ ਅਨੰਦ ਮਾਣਦੇ ਅਤੇ ਸਰਦੀਆਂ ਵਿਚ ਵਖ ਵਖ ਥਾਵਾਂ ਵਿਚ ਵਿਚਰ ਕੇ ਅਖੰਡ ਕੀਰਤਨਾਂ ਦੇ ਲਾਹੇ ਲੈਂਦੇ ਰਹੇ। ਆਪ ਦੀ ਉਚੀ ਸੁਚੀ ਕਰਣੀ ਸਦਕਾ ਅਨੇਕਾਂ ਰੂਹਾਂ ਅੰਮ੍ਰਿਤ ਛਕ ਕੇ ਨਾਮ-ਸਿਮਰਨ ਦੇ ਨਾਲ ਸਰਸ਼ਾਰ ਹੁੰਦੀਆਂ ਰਹੀਆਂ। ਇਸ ਤਰ੍ਹਾਂ ਆਪ ਦੇ ਸਤਸੰਗ-ਪ੍ਰੇਮੀਆਂ ਦਾ ਦਾਇਰਾ ਦੇਸਾਂ ਪਰਦੇਸਾਂ ਵਿਚ ਬਹੁਤ ਵਿਸ਼ਾਲ ਹੁੰਦਾ ਗਿਆ। ਉਹ ਗੁਰੂ ਕੇ ਲਾਲ ਗੁਰਸਿਖੀ ਦੀਆਂ ਸੁਗੰਧੀਆਂ ਆਪਣੇ ਚੁਗਿਰਦੇ ਫੈਲਾ ਰਹੇ ਹਨ।

ਓੜਕ ਇਹ ਭਜਨੀਕ ਰੂਹ ਗੁਰਮਤਿ ਗੁਣਾਂ ਦੀ ਲਾਸਾਨੀ ਨਜ਼ੀਰ ਕਾਇਮ ਕਰ ਕੇ ੮੩ ਵਰ੍ਹੇ ਦੀ ਆਯੂ ਭੋਗ ਕੇ ੧੬ ਅਪ੍ਰੈਲ ੧੯੬੧ ਨੂੰ ਗੁਰਪੁਰੀ ਪਿਆਨੇ ਕਰ ਗਈ।

ਭਾਈ ਸਾਹਿਬ ਦੀ ਪੰਥ ਨੂੰ ਸਭ ਤੋਂ ਵੱਡੀ ਪਹਿਲੀ ਦੇਣ ਹੈ ਨਿਰੋਲ ਗੁਰਬਾਣੀ ਦਾ ਕੀਰਤਨ। ਇਸ ਅਖੰਡ ਕੀਰਤਨ-ਲਹਿਰ ਨੇ ਦੇਸ-ਪਰਦੇਸ ਵਿਚ ਪ੍ਰਾਣੀ ਮਾਤਰ ਨੂੰ ਗੁਰਬਾਣੀ ਤੇ ਗੁਰੂ ਨਾਲ ਜੋੜਿਆ ਹੈ। ਭਾਈ ਸਾਹਿਬ ਦੀ ਇਸ ਨਾਮ-ਰੰਗ-ਰਤੜੀ ਅਖੰਡ-ਕੀਰਤਨ ਲਹਿਰ ਦਾ ਸਿਖ ਜਗਤ ਦੀ ਕੀਰਤਨ-ਪ੍ਰਣਾਲੀ ਉਪਰ ਬੜਾ ਡੂੰਘਾ ਪ੍ਰਭਾਵ ਹੈ ਅਤੇ ਗੁਰਮਤਿ ਦਾ ਨਿਗਰ ਤੇ ਠੋਸ ਪਰਚਾਰ ਹੈ।

ਭਾਈ ਸਾਹਿਬ ਦੀ ਹੋਰ ਵਡੀ ਦੇਣ ਹੈ ਉਨ੍ਹਾਂ ਦਾ ਵਡਮੁਲਾ ਗੁਰਮਤਿ ਸਾਹਿਤ। ਇਨ੍ਹਾਂ ਚਾਲੀ ਤੋਂ ਵਧ ਵਡੀਆਂ ਛੋਟੀਆਂ ਪੁਸਤਕਾਂ ਵਿਚ ਗੁਰਮਤਿ ਨੂੰ ਸਹੀ ਅਰਥਾਂ ਵਿਚ ਉਜਾਗਰ ਕੀਤਾ ਹੋਇਆ ਹੈ। ਜੇਲ੍ਹ-ਚਿਠੀਆਂ ਤੇ ਹੋਰ ਪੁਸਤਕਾਂ ਨੂੰ ਪੜ੍ਹ ਕੇ ਅਨੇਕਾਂ ਪ੍ਰਾਣੀ ਗੁਰਸਿਖੀ ਮਾਰਗ ਵਲ ਖਿਚੇ ਜਾਂਦੇ ਹਨ। ਆਪ ਦੀਆਂ ਇਹ ਪੁਸਤਕਾਂ ਆਉਂਦੀ ਪਨੀਰੀ ਨੂੰ ਰਹਿੰਦੀ ਦੁਨੀਆ ਤਕ ਗੁਰਮਤਿ-ਸੇਧਾਂ ਦੇਂਦੀਆਂ ਰਹਿਣਗੀਆਂ।

ਰੋਜ਼ਾਨਾ ਅਜੀਤ ੧-੭-੮੬ ਵਿਚ ਭਾਈ ਸਾਹਿਬ ਦੀ ਸ਼ਖਸੀਅਤ ਬਾਰੇ ਲਿਖਦਿਆਂ ਅਖੰਡ ਕੀਰਤਨੀ ਜਥੇ ਬਾਰੇ ਆਖ਼ਰੀ ਪੈਰਾ ਇਉਂ ਹੈ—

> "ਅਖੰਡ ਕੀਰਤਨੀ ਜਥਾ ਭਾਈ ਰਣਧੀਰ ਸਿੰਘ ਦੇ ਵਿਚਾਰਾਂ ਨਾਲ ਸਹਿਮਤ ਉਹਨਾਂ ਵਿਅਕਤੀਆਂ ਦਾ ਜਥਾ ਹੈ ਜੋ ਅੰਮ੍ਰਿਤਧਾਰੀ ਤੇ ਤਿਆਰ-ਬਰ-ਤਿਆਰ ਸਿੰਘ ਸਿੰਘਣੀਆਂ ਨੀਲੀਆਂ ਕੇਸਕੀਆਂ ਸਜਾਂਦੀਆਂ ਹਨ ਤੇ ਰਲ ਮਿਲ ਕੇ ਕੀਰਤਨ ਕਰਦੇ ਹਨ।......ਗਾਤਰਾ ਕਿਰਪਾਨ ਤੇ ਗੁਰਮੁਖੀ ਪਹਿਰਾਵਾ ਰਖਦੇ ਹਨ ਤੇ ਇਹ ਹੀ ਇਹਨਾਂ ਦੀ ਪਛਾਣ ਹੈ। ਕੀਰਤਨ ਇਹ ਕਿੱਤੇ ਦੇ ਤੌਰ ਤੇ ਨਹੀਂ ਕਰਦੇ, ਸਗੋਂ ਮਨ ਦੀ ਤ੍ਰਿਪਤੀ ਤੇ ਸੰਗਤਾਂ ਦੀ ਸੇਵਾ ਵਾਸਤੇ ਕਰਦੇ ਹਨ। ਕੀਰਤਨੀ ਜਥੇ ਦਾ ਮਨੋਰਥ ਗੁਰਸਿਖ ਪਰਿਵਾਰਾਂ ਨੂੰ ਅੰਮ੍ਰਿਤ ਛਕਾ ਕੇ, ਗੁਰੂ ਵਾਲੇ ਬਣਾ ਕੇ, ਨਾਮ ਜਪਣ ਲਈ ਪ੍ਰੇਰਤ ਕਰਨਾ ਹੁੰਦਾ ਹੈ। ਅਖੰਡ ਕੀਰਤਨੀ ਜਥੇ ਦੇ ਮੈਂਬਰ ਆਪਣੀ ਰਹਿਤ ਬਹਿਤ ਵਿਚ ਪੱਕੇ ਤੇ ਸੁੱਚ ਸੰਜਮ ਵਿਚ ਬਹੁਤ ਕਰੜੇ ਹੁੰਦੇ ਹਨ। ਇਹ ਕਰੜਾਈ ਕੇਵਲ ਮਹਿੰਗੇ ਮੁਲ ਪ੍ਰਾਪਤ ਕੀਤੀ ਹੋਈ ਗੁਰਸਿਖੀ ਦੀ ਅਮੋਲਕ ਦਾਤ ਦੀ ਸੰਭਾਲ ਲਈ ਹੀ ਹੈ। ਅਖੰਡ ਕੀਰਤਨੀ ਜਥਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਦਾ ਅਣਮੁਲਾ ਵਿਰਸਾ ਹੈ।"

---

**ਪਰਦੇਸਾਂ ਦੇ ਚੰਦੇ—** ਸਾਰੇ ਪਰਦੇਸਾਂ ਵਿਚ ਵਸਦੇ ਪਾਠਕਾਂ ਪਾਸ ਬੇਨਤੀ ਹੈ ਕਿ ਪਹਿਲੀ ਜੂਨ ੧੯੮੬ ਤੋਂ ਸਾਰੇ ਦੇਸਾਂ ਲਈ ਡਾਕ ਖਰਚ ਯਕਲਖ਼ਤ ਵਧ ਗਏ ਹਨ। ਅਰਬ ਮੁਲਕਾਂ ਤੋਂ ਲੈ ਕੇ ਅਮਰੀਕਾ ਤਕ ਸਾਰੇ ਦੇਸਾਂ ਦੇ ਰੇਟ ਵਧਾ ਕੇ ਇਕੋ ਜਿਹੇ ਕਰ ਦਿਤੇ ਗਏ ਹਨ। ਮਜਬੂਰੀ ਕਾਰਨ ਹੁਣ ਸਾਰੇ ਦੇਸਾਂ ਦੇ ਚੰਦੇ ਹੇਠ ਲਿਖੇ ਅਨੁਸਾਰ ਵਧਾਏ ਗਏ ਹਨ। ਪਾਠਕ, ਖ਼ਾਸ ਕਰਕੇ ਅਮਾਨਤੀ ਲਾਈਫ਼ ਮੈਂਬਰ ਆਪਣੇ ਬਕਾਏ ਨਵੇਂ ਰੇਟਾਂ ਅਨੁਸਾਰ ਛੇਤੀ ਭੇਜ ਦੇਣ, ਤਾਕਿ 'ਸੂਰਾ' ਦੇ ਡਾਕ ਖ਼ਰਚੇ ਪੂਰੇ ਕੀਤੇ ਜਾ ਸਕਣ।

| | | |
|---|---|---|
| ਸਾਲਾਨਾ ਚੰਦਾ (ਸਾਰੇ ਦੇਸ)— | ਸਮੁੰਦਰੀ ਡਾਕ ੪੦-੦੦ | ਹਵਾਈ ਡਾਕ ੧੦੦-੦੦ |
| ਅਮਾਨਤੀ ਲਾ: ਮੈਂਬਰ ( ,, )— | ,, ੧੦੦-੦੦ | ,, ੧੦੦੦-੦੦ |



www.AKJ.Org

# ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

ਭਾਈ ਰਾਜਿੰਦਰ ਸਿੰਘ ਜੀ ਡਡਲੀ (ਯੂ. ਕੇ.) ਤੋਂ ਸੂਚਨਾ ਦੇਂਦੇ ਹਨ ਕਿ ਪਰਫੁਲਤ ਹੋ ਰਹੀ ਗੁਰਸਿਖੀ ਦੀ ਲਹਿਰ ਨੂੰ ਤੇਜ਼ ਕਰਨ ਲਈ ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਯੋਰਪ ਦੇ ਕਈ ਮੁਲਕਾਂ ਵਿਚ ਪ੍ਰਚਾਰ ਜਥੇ ਭੇਜੇ ਜਾ ਰਹੇ ਹਨ। ਜੁਲਾਈ ਅਗਸਤ ਵਿਚ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋ ਰਹੇ ਹਨ—

(1) ਰੈਣ ਸਬਾਈ ਅਤੇ ਅੰਮ੍ਰਿਤ-ਸਿੰਚਾਰ ਸਮਾਗਮ 19 ਜੁਲਾਈ ਸ਼ਨੀਵਾਰ ਰਾਤ ਨੂੰ—
ਗੁਰੂ ਨਾਨਕ ਸਤਸੰਗ ਗੁਰਦਵਾਰਾ, 60-62 ਫ਼ੌਰੈਸਟ ਰੋਡ, ਨੌਟਿੰਗਮ (ਯੂ. ਕੇ.)
ਪੁਛ ਗਿਛ—ਭਾਈ ਪੂਰਨ ਸਿੰਘ ਜੀ ਗੁੰਬੀ, ਫੋਨ 0602-781394

## ਹਾਲੈਂਡ, ਜਰਮਨੀ ਤੇ ਨੌਰਵੇ ਵਿਖੇ ਗੁਰਮਤਿ ਸਮਾਗਮ

(2) ਹਾਲੈਂਡ, ਵਿਖੇ 26 ਜੁਲਾਈ ਤੋਂ 3 ਅਗਸਤ ਤਕ ਇਕ ਹਫਤੇ ਦਾ ਗੁਰਮਤਿ-ਕੈਂਪ—
ਗੁਰੂ ਨਾਨਕ ਗੁਰਦਵਾਰਾ, 2 ਡੀ. ਈ. ਵੈਟਰਿੰਗ ਦਵਾਰਜ਼ ਸਟ੍ਰੀਟ-36, ਐਮਸਟਰਡਮ (ਹਾਲੈਂਡ)
ਪੁਛ ਗਿਛ—ਭਾਈ ਰਾਜਿੰਦਰ ਸਿੰਘ ਜੀ ਇੰਗਲੈਂਡ, ਫੋਨ 0384-237341
ਭਾਈ ਸੁਚਾ ਸਿੰਘ ਜੀ ਹਾਲੈਂਡ, ਫੋਨ 020-646390

(3) ਜਰਮਨੀ ਵਿਖੇ 3 ਅਗਸਤ ਤੋਂ 10 ਅਗਸਤ ਤਕ ਇਕ ਹਫਤਾ ਸਮਾਗਮ—
ਸ੍ਰੀ ਗੁਰੂ ਸਿੰਘ ਸਭਾ ਗੁਰਦਵਾਰਾ, Venioner St-725, 5000-KOLN-30 (ਵੈਸਟ ਜਰਮਨੀ)
ਪੁਛ ਗਿਛ—ਭਾਈ ਮਨੋਹਰ ਸਿੰਘ ਜੀ ਜਰਮਨੀ, ਫੋਨ 040-6545628
ਭਾਈ ਜਰਨੈਲ ਸਿੰਘ ਜੀ ਇੰਗਲੈਂਡ, ਫੋਨ 0926-30008

(4) ਨੌਰਵੇ ਵਿਖੇ 1 ਅਗਸਤ ਤੋਂ 10 ਅਗਸਤ ਤਕ ਗੁਰਮਤਿ ਸਮਾਗਮ—
SLOREASEN-33B, OSLO-12, NORWAY
ਪੁਛ ਗਿਛ—ਜਥੇਦਾਰ ਸੰਤੋਖ ਸਿੰਘ ਜੀ ਨੌਰਵੇ, ਫੋਨ 02-61-3634
ਭਾਈ ਕੁਲਦੀਪ ਸਿੰਘ ਜੀ ਇੰਗਲੈਂਡ, ਫੋਨ 021-525-6015

## ਪਿੰਡ ਖਟੜੇ ਗੁਰਦੁਆਰਾ ਸਾਹਿਬ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਰਾਮਪੁਰ ਸੂਚਤ ਕਰਦੇ ਹਨ ਕਿ ਪਿੰਡ ਖਟੜੇ ਨੇੜੇ ਰਾੜਾ ਸਾਹਿਬ ਵਿਖੇ 19-7-86 ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਵਲੋਂ ਇਸ ਮਹੀਨੇ ਹੇਠ ਲਿਖੀ ਸਹਾਇਤਾ ਪੁਜੀ ਹੈ—

| | |
|---|---|
| ਭਾਈ ਹਰਜਿੰਦਰ ਸਿੰਘ ਫ਼ੀਰੋਜ਼ਪੁਰ | 100-00 |
| ਸ: ਹਰਬੰਸ ਸਿੰਘ ਫੀਰੋਜ਼ਪੁਰ | 10-00 |
| ਸ: ਅਮਰੀਕ ਸਿੰਘ ਅੰਮ੍ਰਿਤਸਰ ਭੁਜੰਗੀ ਦੇ ਅਨੰਦ ਤੇ | 142-50 |
| ਸ: ਹਰਬੰਸ ਸਿੰਘ ਮਿਸਰੀ ਵਾਲੇ ਅੰਮ੍ਰਿਤਸਰ ਸੁਪਤਨੀ ਨਮਿਤ ਸਮਾਗਮ | 122-10 |
| ਪਾਰੋਵਾਲ ਸਮਾਗਮ ਸ਼ਹੀਦਾਂ ਦਾ ਚੜ੍ਹਾਵਾ | 75-33 |
| ਮਾਸਟਰ ਕ੍ਰਿਪਾਲ ਸਿੰਘ ਹਕੀਮਾਂ (ਹੁਸ਼ਿਆਰਪੁਰ) | 500-00 |
| ਸ: ਪ੍ਰਿਤਪਾਲ ਸਿੰਘ, ਆਦਮਪੁਰ | 101-00 |
| ਸ: ਸੰਤੋਖ ਸਿੰਘ ਖਾਲਸਾ, ਮਾਲਟਨ, ਕੈਨੇਡਾ | 1485-00 |
| ਸ: ਹਰਭਜਨ ਸਿੰਘ ਅਨੰਦ, ਬੰਬਈ | 31-00 |

| | |
|---|---|
| Sgt ਬਲਵਿੰਦਰ ਸਿੰਘ ਗੁਰਦਵਾਰਾ A. F. | 300-00 |
| ਗੁਪਤ ਡਰਬੀ ਯੂ. ਕੇ. | 36-00 |
| ਸ: ਮਨਮੋਹਨ ਸਿੰਘ, Bueno Park U.S.A. | 1485-00 |
| ਸ: ਨਾਨਕ ਸਿੰਘ ਪੂਨਾ (ਚੜ੍ਹਾਵਾ ਸਮਾਗਮ) | 95-00 |
| ਸ: ਹਰਭਜਨ ਸਿੰਘ ਸੰਧੂ ਅੰਮ੍ਰਿਤਸਰ ਛੋਟੇ ਵੀਰ ਦੇ ਅਨੰਦ ਸਮੇਂ | 55-00 |
| ਮਾਤਾ ਠਾਕਰ ਦੇਈ ਅੰਮ੍ਰਿਤਸਰ ਨਮਿਤ ਸਮਾਗਮ | 80-30 |
| ਸ: ਸੁਖਦੇਵ ਸਿੰਘ, ਨਾਰਥ ਕੁਈਨ ਲੈਂਡ, ਆਸਟ੍ਰੇਲੀਆ | 192-00 |
| ਸ: ਗੁਰਮਹਿੰਦਰ ਸਿੰਘ, ਡੀ: ਇੰਜੀਨੀਅਰ, ਕੁਵੈਤ | 1000-00 |

ਨਾਗੋਕੇ ਦੇ ਤਿੰਨ ਪੀੜਤ ਤੇ ਸ਼ਹੀਦੀ ਪਰਵਾਰਾਂ ਦੇ ਤਿੰਨ ਤਿੰਨ ਹਜ਼ਾਰ ਦੇ ਡਰਾਫਟ ਤਿਆਰ ਹਨ, ਲੈ ਜਾਣ ਜੀ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ [ਜਥੇਦਾਰ] ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਅੰਮ੍ਰਿਤਸਰ

www.AKJ.Org

# ਸ੍ਰੀਮਾਨ ਬਾਊ ਮੱਲ ਸਿੰਘ ਜੀ ਦੀ ਯਾਦ ਵਿਚ ਤਰਨ ਤਾਰਨ ਸਮਾਗਮ

ਸਾਡੇ ਸਤਿਕਾਰ ਯੋਗ ਪਿਤਾ ਪੂਜਯ ਬਾਊ ਮੱਲ ਸਿੰਘ ਜੀ ਦੀ ਸਾਲਾਨਾ ਯਾਦ ਗੁਰਸਿਖ ਸੰਗਤਾਂ ਵਲੋਂ ਸਦਾ ਵਾਂਗ, ਉਨ੍ਹਾਂ ਦੇ ਗ੍ਰਹਿ ਕੂਚਾ ਬਾਊ ਮੱਲ ਸਿੰਘ, ਪਲਾਸੌਰ ਰੋਡ, ਤਰਨ ਤਾਰਨ ਵਿਖੇ ਮਨਾਈ ਜਾ ਰਹੀ ਹੈ। ੧੮ ਜੁਲਾਈ ੧੯੮੬ ਸ਼ੁਕਰਵਾਰ ਅੰਮ੍ਰਿਤ ਵੇਲੇ ਕੀਰਤਨ ਆਸਾ ਦੀ ਵਾਰ ਤੋਂ ਉਪਰੰਤ ੮ ਵਜੇ ਸ੍ਰੀ ਅਖੰਡ ਪਾਠ ਅਰੰਭ ਹੋਣਗੇ, ਜਿਸ ਦੇ ਭੋਗ ੨੦ ਜੁਲਾਈ ਐਤਵਾਰ ਸਵੇਰੇ ਪੈਣਗੇ। ਉਪਰੰਤ ੧੧ ਵਜੇ ਤਕ ਅਖੰਡ ਕੀਰਤਨ ਹੋਣਗੇ। ਸਮੂਹ ਸੰਗਤਾਂ ਮਾਨਯਵਰ ਬਾਊ ਮੱਲ ਸਿੰਘ ਜੀ ਦੀ ਯਾਦ ਵਿਚ ਹਾਜ਼ਰੀਆਂ ਭਰਦੀਆਂ ਹੋਈਆਂ ਅਸਾਂ ਸਭਸ ਪਰਵਾਰਾਂ ਲਈ ਵੀ ਅਰਦਾਸ ਕਰਨ, ਜੁ ਸਤਿਗੁਰੂ ਸੱਚੇ ਪਾਤਸ਼ਾਹ ਸਾਨੂੰ ਗੁਰਸਿਖੀ ਕਮਾਉਣ ਅਤੇ ਦ੍ਰਿੜ੍ਹ ਕਰਨ ਲਈ ਚੜ੍ਹਦੀਆਂ ਕਲਾ ਬਖਸ਼ਣ।

ਦਾਸਰੇ—ਹਰਬੰਸ ਸਿੰਘ, ਪ੍ਰੀਤਮ ਸਿੰਘ, ਕਲਵੰਤ ਸਿੰਘ, ਜੋਗਿੰਦਰ ਸਿੰਘ

## ਖੈੜਾ ਦੋਨਾ (ਕਪੂਰਥਲਾ) ਵਿਖੇ ਅਠਵੇਂ ਪਾਤਸ਼ਾਹ ਦੇ ਅਵਤਾਰ ਪੁਰਬ

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਅਵਤਾਰ ਪਰਬ ਸਮਾਗਮ ਹਰ ਸਾਲ ਵਾਂਗ ਪਿੰਡ ਖੈੜਾ ਦੋਨਾ ਵਿਖੇ ਦਾਸਾਂ ਦੇ ਨਿਵਾਸ ਅਸਥਾਨ ਵਿਖੇ ਮਨਾਇਆ ਜਾ ਰਿਹਾ ਹੈ। ੩੦-੭-੮੬ (ਬੁਧਵਾਰ) ਸਵੇਰੇ ੮ ਵਜੇ ਭੋਗ ਸਹਿਜ ਪਾਠ ੧-੮-੮੬ (ਸ਼ੁਕਰਵਾਰ) ਸਵੇਰੇ ੬ ਵਜੇ ਅਰੰਭ ਸ੍ਰੀ ਅਖੰਡ ਪਾਠ ਅਤੇ ੩-੮-੮੬ (ਐਤਵਾਰ) ਸਵੇਰੇ ੬ ਵਜੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ਅਖੰਡ ਕੀਰਤਨੀ ਜਥਾ ਜਲੰਧਰ ਵਲੋਂ ੧੨ ਵਜੇ ਦੁਪਹਿਰ ਤਕ ਕੀਰਤਨ। ਦਰਸ਼ਨ ਬਖਸ਼ ਕੇ ਦਾਸਾਂ ਨੂੰ ਨਿਵਾਜੋ ਜੀ। ਪਿੰਡ ਖੈੜਾ ਦੋਨਾ ਕਪੂਰਥਲਾ ਤੋਂ ੧੦ ਕਿ: ਮੀ:, ਕਪੂਰਥਲਾ-ਸੁਲਤਾਨਪੁਰ ਲਧੀ (ਬਰਾਸਤਾ ਪਾਜੀਆਂ) ਰੋਡ ਤੇ ਹੈ।

ਪ੍ਰਾਰਥਕ ਦਾਸਰੇ—ਤਾਰਾ ਸਿੰਘ (ਰੀ: ਹੈਡਮਾਸਟਰ) ਸੰਤੋਖ ਸਿੰਘ

## ਫ਼ੀਰੋਜ਼ਪੁਰ ਛਾਉਣੀ ਵਿਖੇ ਰੈਣ ਸਬਾਈ ਕੀਰਤਨ

ਭਾਈ ਬਲਵੰਤ ਸਿੰਘ ਜੀ ਖਾਲਸਾ ਸੂਚਨਾ ਦੇਂਦੇ ਹਨ ਕਿ ਖਾਲਸਾ ਗੁਰਦੁਆਰਾ ਨੇੜੇ ਸਟੇਟ ਬੈਂਕ ਵਿਖੇ ੨੬ ਜੁਲਾਈ ੧੯੮੬ ਰਾਤ ਨੂੰ ਅਖੰਡ ਕੀਰਤਨ ਦੇ ਲਾਹੇ ਪ੍ਰਾਪਤ ਕਰੋ ਜੀ।

ਦਾਸਰਾ—ਭਾਗ ਸਿੰਘ, ਫ਼ੀਰੋਜ਼ਪੁਰ ਛਾਉਣੀ

## ਅੰਬਾਲਾ ਛਾਉਣੀ ਵਿਖੇ ਦੋ ਕੀਰਤਨ ਪ੍ਰੋਗਰਾਮ

(੧) ਭਾਈ ਦੁਰਲਭ ਸਿੰਘ (੨੪੧੬ ਡੀ. ਸੀ. ਰੋਡ) ਦੇ ਗ੍ਰਿਹਿ ਵਿਖੇ ੬ ਜੁਲਾਈ ਐਤਵਾਰ ਸਵੇਰ ਤੋਂ ਦੁਪਹਿਰ ਤਕ ਅਖੰਡ ਕੀਰਤਨ ਵਿਖੇ ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

(੨) ਬੀਬੀ ਗੋਬਿਦ ਕੌਰ (ਮਕਾਨ ਨੰਬਰ ੪੩-ਏ, ਗੋਬਿੰਦ ਨਗਰ) ਦੇ ਗ੍ਰਿਹਿ ਵਿਖੇ ੩੧ ਜੁਲਾਈ ਸਵੇਰੇ ਸ੍ਰੀ ਅਖੰਡ ਪਾਠ ਅਰੰਭ, ੨ ਅਗਸਤ ਸਨੀਵਾਰ ਸਵੇਰੇ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ ਤੇ ਰਾਤ ਨੂੰ ਰੈਣ ਸਬਾਈ ਕੀਰਤਨ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

## ਦੁਬੁਰਜੀ (ਗੁਰਦਾਸਪੁਰ) ਵਿਖੇ ਸ੍ਰੀ ਅਖੰਡ ਪਾਠ ਤੇ ਕੀਰਤਨ

ਭਾਈ ਸਰਦੂਲ ਸਿੰਘ ਬਲਬੀਰ ਸਿੰਘ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹਿ ਵਿਖੇ ਅਖੰਡ ਕੀਰਤਨੀ ਜਥਾ ਗੁਰਦਾਸਪੁਰ ਵਲੋਂ ੧੮ ਤੋਂ ੨੦ ਜੁਲਾਈ ਐਤਵਾਰ ਤਕ ਸ੍ਰੀ ਅਖੰਡ ਪਾਠ ਤੇ ਕੀਰਤਨ ਹੋਣਗੇ। ਦਰਸ਼ਨ ਦੇ ਕੇ ਨਿਵਾਜੋ ਜੀ।

ਬਟਾਲੇ ਤੋਂ ੧੯ ਜੁਲਾਈ ਸਨੀਵਾਰ ਸ਼ਾਮ ਨੂੰ ਭਾਈ ਗੋਪਾਲ ਸਿੰਘ ਜੀ ਦੇ ਘਰ ਕੋਲੋਂ ਟਰਾਲੀ ਚਲੇਗੀ।

# ਭਾ: ਸਾ: ਭਾਈ ਰਣਧੀਰ ਸਿੰਘ ਜੀ ਸਕਾਲਰਸ਼ਿਪ (ਨਿਤਨੇਮ) ਸਕੀਮ

ਇਸ ਸਕੀਮ ਅਧੀਨ ਸਕੂਲਾਂ ਕਾਲਜਾਂ ਵਿਚ ਵਿਦਿਆ ਪ੍ਰਾਪਤ ਕਰ ਰਹੇ ਰਹਿਤਵਾਨ ਬੱਚੇ ਬੱਚੀਆਂ ਨੂੰ ਜੋ ਵਜ਼ੀਫ਼ੇ ਦਿਤੇ ਜਾਂਦੇ ਹਨ, ਉਸ ਲਈ ਜਿਨ੍ਹਾਂ ਬੱਚਿਆਂ ਨੇ ਦਰਖਾਸਤਾਂ ਦੇਣੀਆਂ ਹਨ, ਉਹ ਲੁੜੀਂਦੇ ਫਾਰਮ ਹੇਠ ਲਿਖੇ ਪਤੇ ਤੋਂ ਮੰਗਵਾ ਕੇ, ਠੀਕ ਢੰਗ ਨਾਲ ਭਰ ਕੇ, ਵਾਪਸ ਉਸੇ ਪਤੇ ਤੇ ੩੧.੮.੮੬ ਤਕ ਭੇਜ ਦੇਣ। ਟ੍ਰਸਟ ਵਲੋਂ ਇਨ੍ਹਾਂ ਫਾਰਮਾਂ ਦੀ ਛਾਣ ਬੀਣ ਪਿਛੋਂ ਇਹ ਫਾਰਮ ਦਿਲੀ ਸੰਗਤ ਨੂੰ ੨੦ ਸਤੰਬਰ ਤਕ ਭੇਜ ਦਿਤੇ ਜਾਣਗੇ। ਦਿਲੀ ਦੀ ਸੰਗਤ ਇਨ੍ਹਾਂ ਬੱਚਿਆਂ ਦੇ ਇਮਤਿਹਾਨ ਦਾ ਪਰਬੰਧ ਕਰੇਗੀ। ਪ੍ਰੀਖਿਆ ਅਸਥਾਨ ਤੇ ਵਕਤ ਬਾਰੇ ਸੂਚਨਾ, ਦਿਲੀ ਸਮਾਗਮ ਪ੍ਰੋਗਰਾਮ ਦੇ ਨਾਲ ਹੀ ਦਿਤੀ ਜਾਵੇਗੀ। ਨੋਟ :—ਪ੍ਰਾਈਵੇਟਲੀ ਪੜ੍ਹਨ ਵਾਲੇ ਬੱਚੇ ਇਸ ਪ੍ਰੀਖਿਆ ਵਿਚ ਹਿੱਸਾ ਨਹੀਂ ਲੈ ਸਕਦੇ।

ਫਾਰਮ ਮੰਗਾਣ ਦਾ ਪਤਾ—ਭਾਈ ਬਲਬੀਰ ਸਿੰਘ ਜੀ, ੨੩-ਜੀ, ਸਰਾਭਾ ਨਗਰ, ਲੁਧਿਆਣਾ

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ), ਅਖੰਡ ਕੀਰਤਨੀ ਜਥਾ

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org